੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ

ਲਿਖਤ :

**ਭਾਈ ਸਾਹਿਬ ਰਣਧੀਰ ਸਿੰਘ**

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਮੁੱਲ : 2-50

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਨਿਰਬਾਣ ਕੀਰਤਨੀ ਜਥੇ ਦੇ

## ਸਿੰਘਾਂ ਦੀ

# ਦਾਸਤਾਨ

## (ਪ੍ਰੇਮ ਕਥਾ)


*ਲਿਖਤ :*

**ਭਾਈ ਸਾਹਿਬ ਰਣਧੀਰ ਸਿੰਘ**



*ਪ੍ਰਕਾਸ਼ਕ :*

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

80th
Parkash Diwas
1920
Surjit Singh Jeet
H.H. Shri Satguru Jagjit Singh Ji Library
36 Margery Park Road
Forest Gate, London
E7 9JY UK

ਦੂਜੀ ਵਾਰ ਅਕਤੂਬਰ ੧੯੮੪
ਤੀਜੀ ਵਾਰ ਜੁਲਾਈ ੧੯੯੪

BE SATGURU'S TRUE GURSIKH
BE TRUTHFUL, FAITHFUL
BE NON-VIOLENT, TOLERANT, MERCIFUL
BE VEGETARIAN - ORGANIC
BE PEACE-LOVER – PEACEFUL RESPECT WORLD PEACE
"CONGRATULATIONS"
ON BLISSFUL AUSPICIOUS PARKASH DIWAS
FROM:- S. S. JEET
OF: H.H. SHRI SATGURU JAGJIT SINGH JEE
H.H. Shri Satguru Jagjit Singh Ji Library
36 Margery Park Road
Forest Gate, London E7 9JY

*ਟਾਈਪਸੈੱਟਰ:*
ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ
*ਪ੍ਰਿੰਟਰ:*
ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਮੁੱਢਲੀ ਬੇਨਤੀ

ਜੀਵਨ ਵਿਚ ਕਈ ਉਤਰਾਉ ਚੜ੍ਹਾਉ ਆਉਂਦੇ ਹਨ। ਸਦਾ ਇਕ-ਰਸ ਆਤਮ ਜੀਵਨ ਤਾਂ ਕਿਸੇ ਵਿਰਲੇ ਸੱਜਣ ਦਾ ਹੀ ਨਿਭਦਾ ਹੈ। ਉਹ ਕੋਈ ਵਡਭਾਗਾ ਪਿਛਲੇ ਜਨਮਾਂ ਦੀ ਪੂਰਬਲੀ ਭਗਤਿ ਕਮਾਈ ਦੇ ਸਦਕੇ ਤੇ ਗੁਰ ਕਰਤਾਰ ਦੀ ਮਿਹਰ ਦਾ ਸਦਕਾ ਹੀ ਐਸਾ ਨਿਰਮਲ ਜੀਵਨ ਬਤੀਤ ਕਰ ਸਕਦਾ ਹੈ। ਨਹੀਂ ਤਾਂ ਸੰਸਾਰ ਦੇ ਗੇੜ ਵਿਚ ਥਾਂ ਥਾਂ ਥਿੜਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸੇ ਲਈ ਕਬੀਰ ਜੀ ਦਾ ਸਲੋਕ ਹੈ:

**ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥**
**ਅਜਹੁ ਸੁ ਨਾਉ ਸਮੁਦ੍ਰ ਮਹਿ ਕਿਆ ਜਾਨਉ ਕਿਆ ਹੋਇ ॥੩੯॥**

ਪ੍ਰਮਾਰਥ-ਰੰਗਾਂ ਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਨੂੰ ਜਰਨਾ ਤੇ ਬਰਕਰਾਰ ਰੱਖਣਾ ਕੋਈ ਸੌਖੀ ਗੱਲ ਨਹੀਂ। ਭਾਈ ਸਰਵਣ ਸਿੰਘ ਜੀ ਢੱਲੇਵਾਲ ਦੇ ਜੀਵਨ ਤੋਂ ਇਹ ਗੱਲ ਸਾਫ਼ ਸਿੱਧ ਹੋ ਜਾਂਦੀ ਹੈ ਕਿ ਉਚ ਅਵਸਥਾ ਨੂੰ ਪਹੁੰਚ ਕੇ ਭੀ ਗਿਰਾਵਟ ਹੋ ਸਕਦੀ ਹੈ। ਇਸ ਲਈ ਕੋਈ ਦਮ ਨਹੀਂ ਮਾਰ ਸਕਦਾ ਕਿ ਉਸ ਦਾ ਜੀਵਨ ਭੁੱਲਣ ਤੋਂ ਰਹਿਤ ਹੋ ਕੇ ਇਕ-ਰਸ ਨਿਭ ਸਕੇਗਾ। ਇਸੇ ਲਈ ਅਰਦਾਸੇ ਵਿਚ ਆਉਂਦਾ ਹੈ:

'ਜਿਨ੍ਹਾਂ ਅਜਰ ਨੂੰ ਜਰਿਆ, ਦੇਖ ਕੇ ਅਣਡਿੱਠ ਕੀਤਾ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਵਾਹਿਗੁਰੂ।'

ਅਜਰ ਨੂੰ ਜਰਨਾ ਅਤੇ ਅਣਡਿੱਠ ਕਰਨਾ ਕਿਸੇ ਕਮਾਈ ਵਾਲੇ ਗੰਭੀਰ ਸੱਜਣ ਦਾ ਕੰਮ ਹੈ, ਨਹੀਂ ਤਾਂ ਲੋਕ ਥੋੜੀ ਜਿਹੀ ਤਾਕਤ ਤੇ ਵਡਿਆਈ ਹਾਸਲ ਕਰ ਕੇ ਹੰਕਾਰ ਵਿਚ ਆ ਜਾਂਦੇ ਹਨ ਅਤੇ ਆਪਣੀ ਕੀਤੀ ਕਤਰੀ ਖੋ ਬੈਠਦੇ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਏਸ ਕਵਿਤਾ ਵਿਚ ਕਈ ਪ੍ਰੇਮੀ ਸੱਜਣਾਂ ਦੇ ਅੰਮ੍ਰਿਤ ਛਕ ਕੇ ਪ੍ਰੇਮ ਰੰਗਣ ਵਿਚ ਰੰਗੇ ਜਾਣ ਦਾ ਵਰਣਨ ਕੀਤਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਦਸਿਆ ਹੈ ਕਿ ਕਈ ਸੱਜਣ ਕਾਂਪ



Sri Satguru Jagjit Singh Ji eLibrary NamdhariElibrary@gmail.com

ਵੀ ਖਾ ਗਏ। ਅਸੀਂ ਭਾਈ ਸਾਹਿਬ ਦੀ ਇਸ ਕਵਿਤਾ ਨੂੰ ਇਸ ਖ਼ਿਆਲ ਨਾਲ ਟ੍ਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਤ ਕਰ ਰਹੇ ਹਾਂ ਕਿ ਇਹ ਇਕ ਗਵਾਹੀ ਹੈ ਕਿ ਨਾਮ ਬਾਣੀ ਦੀ ਕਲਾ ਕਿਸ ਤਰ੍ਹਾਂ ਵਰਤਦੀ ਹੈ ਤੇ ਅੰਮ੍ਰਿਤ ਦੇ ਵਿਚ ਕੀ ਸ਼ਕਤੀ ਹੈ। ਚਾਹੇ ਜੀਵਨ ਸਦਾ ਚੜ੍ਹਦੀ ਕਲਾ ਵਿਚ ਰਹੇ ਜਾਂ ਨਾ ਰਹੇ, ਪਰ ਇਹ ਗੱਲ ਸਿੱਧ ਹੈ ਕਿ ਅੰਮ੍ਰਿਤ ਤੇ ਨਾਮ ਬਾਣੀ ਆਪਣੀ ਕਲਾ ਜ਼ਰੂਰ ਵਰਤਾਉਂਦੀ ਹੈ। ਇਹ ਸਿੰਘਾਂ ਦੀ ਉਸ ਸਮੇਂ ਦੀ ਹਾਲਤ ਦਾ ਨਕਸ਼ਾ ਹੈ ਜਦ ਕਿ ਉਨ੍ਹਾਂ ਉੱਤੇ ਆਤਮ-ਰੰਗਾਂ ਦਾ ਖੇੜਾ ਆਇਆ ਸੀ। ਪਿਛੋਂ ਭਾਵੇਂ ਕੁਝ ਵੀ ਹੋਇਆ। ਅਸੀਂ ਗੁਣ-ਗ੍ਰਾਹਕੀ ਦੇ ਅਸੂਲ ਨੂੰ ਮੁਖ ਰਖ ਕੇ ਨਾਮ ਬਾਣੀ ਪ੍ਰਭਾਵ ਦੇ ਪ੍ਰਤੱਖ ਨਜ਼ਾਰਿਆਂ ਨੂੰ ਪ੍ਰਗਟ ਕਰਨ ਲਈ ਇਹ ਟ੍ਰੈਕਟ ਪ੍ਰਕਾਸ਼ਤ ਕੀਤਾ ਹੈ, ਤਾਂ ਜੁ ਇਤਿਹਾਸਕ ਵੰਨਗੀ ਕਾਇਮ ਰਹੇ।

ਇਸ ਟ੍ਰੈਕਟ ਵਿਚ ਭਾਈ ਸਾਹਿਬ ਨੇ ਸਾਰੇ ਜਥੇ ਦੇ ਸਿੰਘਾਂ ਦਾ ਹਾਲ ਨਹੀਂ ਲਿਖਿਆ, ਕੇਵਲ ਬਿਬੇਕੀ ਤੇ ਸਰਬ-ਲੋਹੀਆਂ ਦਾ ਹਾਲ ਹੀ ਲਿਖਿਆ ਹੈ। ਏਸ ਵਿਚ ਬਿਬੇਕ ਦੀ ਵਿਸ਼ੇਸ਼ਤਾਈ ਨੂੰ ਮੁਖ ਰਖ ਕੇ ਬਿਬੇਕੀਆਂ ਦੇ ਨਾਮ ਹੀ ਦਿਤੇ ਹਨ।

ਏਸ ਟ੍ਰੈਕਟ ਦੀ ਕਵਿਤਾ ਦਾ ਇਹ ਹਿੱਸਾ 'ਜੋਤਿ ਵਿਗਾਸ' ਵਿਚੋਂ ਭਾਈ ਸਾਹਿਬ ਦੇ ਕਹਿਣ ਅਨੁਸਾਰ ਛਪਣੋਂ ਏਸ ਲਈ ਰਖ ਲਿਆ ਗਿਆ ਸੀ ਕਿ ਇਹ ਇਤਿਹਾਸਕ ਗੱਲਾਂ ਸਨ। ਜੋ ਕੁਝ 'ਜੋਤਿ ਵਿਗਾਸ' ਵਿਚ ਛਪਿਆ ਹੈ ਉਹ ਕੇਵਲ ਰੂਹਾਨੀ ਤੇ ਗੁਰਮਤਿ ਗੁਰਬਾਣੀ ਦੀ ਕਲਾ ਬਾਰੇ ਹੀ ਹੈ।

ਜਿਨ੍ਹਾਂ ਸਜਣਾਂ ਦੇ ਨਾਮ ਕਵਿਤਾ ਵਿਚ ਆਏ ਹਨ ਉਨ੍ਹਾਂ ਦੀ ਜਾਣ ਪਛਾਣ ਲਈ ਸੰਖੇਪ ਨੋਟ ਵਖਰੇ ਦਿਤੇ ਗਏ ਹਨ ਤੇ ਕਵਿਤਾ ਵਿਚ ਆਏ ਕਠਨ ਸ਼ਬਦਾਂ ਦੇ ਅਰਥ ਵੀ ਲਿਖ ਦਿਤੇ ਹਨ।

ਗੁੱਜਰਵਾਲ
੨੫ ਅਪ੍ਰੈਲ ੧੯੬੪

ਨਾਹਰ ਸਿੰਘ ਗਜਾਨੀ
ਸੰਪਾਦਕ ਤੇ ਪ੍ਰਕਾਸ਼ਕ



Sri Satguru Jagjit Singh Ji eLibrary NamdhariElibrary@gmail.com

## ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ

# ਦਾਸਤਾਨ (ਪ੍ਰੇਮ ਕਥਾ)

ਬੀਜੇ ਬੀਜ ਸ਼ਹਾਦਤੀ ਹਰੇ ਹੋਏ,
ਉਗਵਿਆ ਸ਼ੀਰ ਸਰੁ ਰਕਤ ਬੀਜੋਲਿਆਂ ਦਾ।
ਰਕਤ ਕਤਰਿਆਂ ਨੂੰ ਫਲ ਅਮਰਕਤ ਲਗੇ,
ਫਲਿਆ ਅਮਰ ਬਨੁ ਬੀਜ ਰਕਤੋਲਿਆਂ ਦਾ।
ਬੀਜੇ ਬੀਜ ਉਪਕਾਰ ਨਾ ਜਾਣ ਬਿਰਥੇ,
ਉਪਜਿਆ ਦੇਵ ਦਲ ਪਰਉਪਕਰੋਲਿਆਂ ਦਾ।
ਇਕ ਇਕ ਬੀਜ ਸਹੰਸਰਾਂ ਫੁਲ ਖੇੜੇ,
ਖਿੜਿਆ ਦਹਿਰੁ ਅਮਰ ਉਪਬਨੋਲਿਆਂ ਦਾ।੩੧੯।

ਫੁੱਲੋਂ ਘੁੱਗ ਵੱਸੇ ਫੁਲਾਂਵਾਲ ਖੇੜੇ,
ਹੱਸੋਂ ਪਿੰਡ ਚਮਿੰਡ ਹੱਸੋਲਿਆਂ ਦਾ।
ਅਮਰ ਬਾਦ ਬਹਾਰੀਆ ਦੌਰੁ ਛਿੜਿਆ,
ਮੁਕਾ ਦੌਰ ਖ਼ਿਜ਼ਾਂ ਰੁਤੋਲਿਆਂ ਦਾ।
ਰੁੱਤਾਂ ਦੌਰ ਫਿਰਿਆ, ਸਾਡੇ ਤੌਰ ਬਦਲੇ,
ਡੂੰਘਾ ਗੌਰ ਔਰੋ ਤੌਰੜੌਲਿਆਂ ਦਾ।
ਕਟੇ ਛੌੜ ਭੌਰੇ ਦਿਬ ਦ੍ਰਿਸ਼ਟੌਰ ਹੋਏ,
ਹਾਲ ਬਉਰੜਾ ਛੌੜ ਕਟੋਲਿਆਂ ਦਾ।੩੨੦।

ਮੰਗਲ ਮੰਗਲਾਂ ਦੇ ਚੋਜ ਠੌਟ ਛਿਠੇ,
ਜਹ ਬਿਨੌਦੁ ਹੋਇਆ ਚੋਜੜੋਲਿਆਂ ਦਾ।
ਉੱਠੀ ਸਾਂਗ ਬਿਨੋਦ ਬਉਰਾਨੜੇ ਨੂੰ



Sri Satguru Jagjit Singh Ji eLibrary NamdhariElibrary@gmail.com

ਸ੍ਵਾਂਗ ਦੇਖਿ ਸਾਂਗੋ ਪਾਂਗੜੋਲਿਆਂ ਦਾ।
ਸਾਂਗੋ ਪਾਂਗ ਅੱਖਾਂ ਅਗੇ ਆਣ ਫਿਰਿਆ,
ਝਾਕਾ ਕੀਰਤਨ-ਕੇਲ ਕਲੋਲਿਆਂ ਦਾ।
ਕੇਲ ਪ੍ਰੀਤੀਆਂ ਬੀਤੀਆਂ ਯਾਦ ਆਈਆਂ,
ਚਿੱਤ੍ਰ ਚਿੱਤ੍ਰਾਂ ਚਿਰ ਬੀਤੜੋਲਿਆਂ ਦਾ।੩੨੧।

ਅੰਤਰਖਾਨੜੇ ਹੁਣ ਤੀਕ ਬੱਝ ਰਿਹਾ,
ਨਕਸ਼ਾ ਹੂਬਹੂ ਪਰੇਮ ਚਿਤਰੋਲਿਆਂ ਦਾ।
ਚਿੱਤ੍ਰ ਚਿਤਿ ਬਚਿਤ੍ਰ ਚਰਿਤਰਾਂ ਦੇ,
ਨਿਰਣਾ ਖੋਲ੍ਹ ਦੇਵਾਂ ਚਿੱਤਰੋਲਿਆਂ ਦਾ।
ਦਾਸਤਾਨ ਕਰਾਂ ਬਿਆਨ ਪਰੇਮੀਆਂ ਦੀ,
ਲੱਗਾ ਨਾਮ ਰੰਗ ਜਿਨ ਗੁਰਮਤੋਲਿਆਂ ਦਾ।
ਟੂਕ ਮਾਤ ਸੰਖੇਪ ਕਰਿ ਯਾਦ ਵਰਨਾਂ,
ਨਾਮ ਯਾਦ ਪਰੋਤੇ ਪਿਰ ਪਟੋਲਿਆਂ ਦਾ।੩੨੨।

ਕਰਿ ਕਰਿ ਯਾਦ ਸਜੀਲੜੇ ਸੱਜਣਾਂ ਨੂੰ,
ਵਧੇ ਅਧਿਕ ਅਨੰਦੁ ਅਨੰਦੋਲਿਆਂ ਦਾ।
ਸੱਚੇ ਸਜਨੇ ਦੀ ਪ੍ਰੇਮਾ ਭਗਤਿ ਦੂਣੀ,
ਚਿਤਵਾਂ ਪਰੇਮ ਜਿਉਂ ਜਿਉਂ ਪ੍ਰੇਮੜੋਲਿਆਂ ਦਾ।
ਪਰੇਮ ਯਾਦ ਰੰਗੀਲੜੇ ਪਰੇਮੀਆਂ ਦੀ,
ਨਾਮੁ ਯਾਦ ਲਿਆਵੇ ਪਰੇਮ ਢੋਲਿਆਂ ਦਾ।
ਯਾਦ ਪਰੇਮੀਆਂ ਦੀ ਨਾਮੁ ਢੋਲੜੇ ਦਾ,
ਖੁਲ੍ਹਾ ਤਾਕੁ ਸਨਮੁਖ ਦਿਦਾਰੋਲਿਆਂ ਦਾ।੩੨੩।

ਸਨਮੁਖ ਮਾਣਿ ਦਰਸ਼ਨ ਰੰਗ ਢੋਲੜੇ ਦੇ,
ਕਰਾਂ ਬਿਆਨ ਬਿਰਤਾਂਤ ਬੀਰੋਲਿਆਂ ਦਾ।
ਆਤਮ ਸਿੰਘ ਸਹੋਦਰੀ ਬੀਰ ਹੋਏ,
ਲੱਗਾ ਤੀਰੁ ਪਰੇਮ ਪਿਰੀਓਲਿਆਂ ਦਾ।


Sri Satguru Jagjit Singh Ji eLibrary NamdhariElibrary@gmail.com

ਤਿਆਗ ਹੰਗਤਾ ਤੁਰਤ ਨਿਹੰਗ ਹੋਏ
ਬਾਣਾ ਧਾਰ ਕੇ ਬਿਹੰਗਮੋਲਿਆਂ ਦਾ।
ਵਰਤ ਗਿਆ ਬਿਸਮਈ ਅਚਰਜ ਭਾਣਾ,
ਰੰਗ ਪਲਟਿਆ ਤੁਰਤ ਫੁਰਤੋਲਿਆਂ ਦਾ।੩੨੪।

ਕਿਵੇਂ ਵਰਨੀਏ ਵਰਨਿਆ ਜਾਇ ਨਾਹੀ,
ਹਾਲੁ ਵੀਰ ਵਿਜੋਗੀਅੜੋਲਿਆਂ ਦਾ।
ਕੱਠਾ ਹੋਇ ਕਲੇਂਜੜਾ ਯਾਦ ਕੀਤੇ,
ਹਿਰਦਾ ਕੁਠੜਾ ਪਰੇਮ ਕੁਠੋਲਿਆਂ ਦਾ।
ਕੁਠਿ ਬੀਰਨਾ ਨੂੰ ਆਪ ਰੁਠਿ ਬੈਠੇ,
ਲਿਖਾਂ ਹਾਲ ਕਿਵ ਵੀਰ ਰੁਠੋਲਿਆਂ ਦਾ।
ਰੁਠਿ ਰੁਠਿ ਜਾਨੀ ਸਾਨੂੰ ਮੁਠਿ ਗਏ,
ਮੋੜਾ ਪੈਸੀਆ ਵੀਰ ਮੁਠੋਲਿਆਂ ਦਾ।੩੨੫।

ਮੁੱਠਿ ਮੁੱਠਿ ਸਾਨੂੰ ਵੀਰ ਕੁੱਠ ਗਏ,
ਦਿਲ ਕਠੋਰ ਜਾਨੀ ਕੁਠਰੋਲਿਆਂ ਦਾ।
ਵੀਰ ਸਿੰਘ ਗੁਰਬਖ਼ਸ਼ ਗੁਮਰੁੱਠ ਹੋ ਗਏ,
ਸਾਡੇ ਦਾਹੁ ਦਿਲ ਦਾਗ ਹਿਜਰੋਲਿਆਂ ਦਾ।
ਮਿਟਣ ਮੂਲ ਨਾ ਦਾਗ ਜੁਦਾਈਆਂ ਦੇ,
ਚਾਕ ਚਾਕ ਸੀਨਾ ਫ਼ਰਾਕੜੋਲਿਆਂ ਦਾ।
ਦੇ ਦੇ ਦਾਗ ਮੁਫ਼ਾਰਕਤ ਜੁਦਾ ਹੋਇਆ,
ਜੋੜਾ ਵੀਰ ਜਸਵੰਤ ਸਿੰਘੋਲਿਆਂ ਦਾ।੩੨੬।

ਵੀਰ ਲਲਤ ਬਸੰਤੀਏ ਲੱਦ ਗਏ,
ਰੁੱਠਾ ਵੀਰ ਜੱਥੇ-ਮਾਜਰੋਲਿਆਂ ਦਾ।
ਨਿੱਕੀ ਜਿੰਦ ਵਾਲੀ ਬੈਸ ਬੁਧ ਉਚੀ,
ਸਾਕਾ ਵਡੜਾ ਵੀਰ ਨਿਕੜੋਲਿਆਂ ਦਾ।
ਲਲਤੋਂ ਵਾਲੜੇ ਵੀਰ ਵੈਰਾਗੀਅੜੇ,


Sri Satguru Jagjit Singh Ji eLibrary NamdhariElibrary@gmail.com

ਵਡਾ ਸੱਲੁ ਹਰਿ ਪ੍ਰਭਾਕ੍ਰੋਲਿਆਂ ਦਾ।
ਮੋਨ ਧਾਰੀਏ ਨਾਮ ਰਸ ਧਾਰਨਾ ਦੇ,
ਗੱਫਾ ਭੁੰਚਣਾ ਗੁਪਤ ਭੁਗਤੋਲਿਆਂ ਦਾ।੩੨੭।

ਦੇਹ ਅਧਿਆਸੁ ਗੁਰ ਸ਼ਬਦ ਅਭਿਆਸੁ ਪੱਕਾ,
ਵਡ ਬਿਬੇਕੁ ਉਮਰ ਕਸ਼ੋਰੋਲਿਆਂ ਦਾ।
ਹੋਇ ਨਿਰਭੈ ਨਿਰਭੈ ਸਿੰਘ ਸਚ ਗਹਿਆ,
ਗਹਿਣ ਗਹਿਣਾ ਸਰਲ ਚਤੋਲਿਆਂ ਦਾ।
ਕੇਵਲ ਸਚ ਬੋਲਣਿ ਸਚੁ ਕਰ ਸੰਵਾਤਾ,
ਭੋਲਾ ਭਾਉ ਇਹ ਦ੍ਰਿੜ੍ਹ ਨਿਸਚੋਲਿਆਂ ਦਾ।
ਤੱਤ ਸਚ ਦਾ ਦ੍ਰਿੜ੍ਹ ਅਭਿਆਸ ਹੁੰਦਾ,
ਬੇੜਾ ਪਾਰ ਸੀ ਤੱਤ-ਵੇਤੋਲਿਆਂ ਦਾ।੩੨੮।

ਹੈਸੀ ਨਾਮ ਕਰਿ ਸਤਿ ਕਮਾਵਣੇ ਨੂੰ,
ਹੁਕਮੁ ਸਤਿ ਪੰਜਾਂ ਪਿਆਰੜੋਲਿਆਂ ਦਾ।
ਸੂਧੇ ਸੱਚ ਦੀ ਵੀਰ ਨੇ ਗਠ ਬੱਧੀ,
ਸੂਧਾ ਭੋਲੜਾ ਭਾਉ ਅਨਭੋਲਿਆਂ ਦਾ।
ਭੋਲੇ ਭਾਇ ਹੀ ਲੱਗਸਨ ਰੰਗ ਇਕ ਦਿਨ,
ਆਲ੍ਹਾ ਜਾਇ ਨਾ ਜਾਗ ਜਗੋਲਿਆਂ ਦਾ।
ਹਰੀ ਭਜਨ ਹਰਿ ਹੰਸਲੇ ਹਸਮੁਖਾਂ ਤੋਂ,
ਹਰਿਆ ਚਮਨੁ ਫੁੱਲਾਂ ਹਸਮੁਖੋਲਿਆਂ ਦਾ।੩੨੯।

ਫੁਲਾਂਵਾਲ ਫੁਲੋਂ ਫਲੇਵਾਲ ਫਲੋਂ,
ਫਲਿਆ ਫੁਲਿਆ ਬਾਗ ਰਲੀਓਲਿਆਂ ਦਾ।
ਸਾਨੂੰ ਸਾਰਾ ਸੰਸਾਰ ਸਰਸਬਜ਼ ਦਿਸੇ,
ਬਿਗਸਿਆ ਕੌਲ ਅਮਰ ਬਹਾਰੋਲਿਆਂ ਦਾ।
ਮਹਿਕੇ ਅਤਰ ਮ੍ਰਿਗਿੰਦੀਏ ਕੌਲ ਨਾਫ਼ੇ,
ਭਿੰਨਾ ਮਗ਼ਜ਼ ਭਰਪੂਰ ਸਿੰਘੋਲਿਆਂ ਦਾ।



Sri Satguru Jagjit Singh Ji eLibrary NamdhariElibrary@gmail.com

ਪੰਚ ਸ਼ਬਦੀਏ ਸਿੰਘ ਭਰਪੂਰ ਸੂਰੇ,
ਚਿਰ ਤੋਂ ਖੋਜੁ ਜਿਨ ਦਸਮ ਦੁਆਰੋਲਿਆਂ ਦਾ।੩੩੦।

ਗਿਆਨ ਧਿਆਨੀਏ ਸਿੰਘ ਸਾਵਧਾਨ ਹੋਏ,
ਵਡ ਉਮਾਹ ਜਿਨ ਗਿਆਨ ਰਤਨੋਲਿਆਂ ਦਾ।
ਖੁਲ੍ਹੀ ਜਾਗ ਸਿੰਘਾਂ ਸ਼ਬਦ ਮੋਨੀਆਂ ਦੀ,
ਸਫਲ ਜਾਗਣਾ ਹਰਿ ਸੁੰਦਰੋਲਿਆਂ ਦਾ।
ਪਿਤਾ ਸਣੇ ਪਰਵਾਰ ਸਭ ਗੁਰਮੁਖਾਂ ਦਾ,
ਸਿਦਕ ਪੂਰੜਾ ਸਰਬ ਲੋਹੋਲਿਆਂ ਦਾ।
ਮੂਰਤ ਪਰੇਮ ਮੁਜੱਸਮੀ ਸਿਦਕਵੰਤੇ,
ਵਡਿ ਇਕਬਾਲ ਇਕਬਾਲ ਸਿੰਘੋਲਿਆਂ ਦਾ।੩੩੧।

ਧਰਮ ਸਿੰਘ ਮੁਜੱਸਮੀ ਧਰਮ ਮੂਰਤਿ,
ਧੁਰਵਾ ਬੰਨ੍ਹਿਆ ਰਾਜ ਜੋਗੋਲਿਆਂ ਦਾ।
ਧਰਮੀ ਸਚੜੇ ਗ੍ਰਿਹਸਤ ਨਿਹਕਰਮ ਕਰਮੀ,
ਖੇੜਾ ਧੰਨ ਫੱਲੇਵਾਲੜੋਲਿਆਂ ਦਾ।
ਤੇਜ ਕੌਰ ਪਤਨੀ ਮਿਲੀ ਸੀਲਵੰਤੀ,
ਤੇਜਵੰਤ ਘਰੁ ਸੀਲ ਵੰਤੋਲਿਆਂ ਦਾ।
ਸਰਵਣ ਸਿੰਘ ਵਡ ਹੌਸਲੇ ਹੋਇ ਗੁਜ਼ਰੇ,
ਅਚਰਜ ਹਾਲ ਲੀਲ੍ਹਾ ਬਿਸਮੋਨੋਲਿਆਂ ਦਾ।੩੩੨।

ਫਲੇਵਾਲ ਨੂੰ ਲੱਗੜੇ ਭਾਗ ਲਲਨੇ,
ਸੋਹਣਾ ਜਾਗੁ ਸੁਹਾਗ ਵੰਤੋਲਿਆਂ ਦਾ।
ਵੀਰ ਸਿੰਘ ਗੁਰਬਖਸ਼ ਵਰੀਆਮ ਹੋਏ,
ਫਲੇਵਾਲ ਸੁਖ ਧਾਮ ਸੁਖੀਓਲਿਆਂ ਦਾ,
ਫਲੇ ਫੁਲੇ ਅਨੇਕ ਦਾ ਅਨਿਕ ਖੇੜੇ,
ਰਸਿਆ ਦਹਿਰ ਦਲ ਨਾਮ ਰਸੀਓਲਿਆਂ ਦਾ।
ਰਾਜ ਜੋਗ ਘਰੁ ਸਿੰਘ ਜੋਗਿੰਦਰੇ ਦੇ,



Sri Satguru Jagjit Singh Ji eLibrary NamdhariElibrary@gmail.com

ਸੱਤ ਬਰਤ ਜਿਨ ਜਤਿੰਦਰੋਲਿਆਂ ਦਾ।੩੩੩।

ਸਿੱਖੀ ਸਿਦਕ ਪੂਰੀ ਪਤੀ ਬਰਤ ਪਤਨੀ,
ਪਰਸਪਰ ਪਰੇਮ ਗੂੜ੍ਹਾ ਦੰਪਤੋਲਿਆਂ ਦਾ।
ਹੰਸ ਉਡਿਆ ਕੌਰ ਹਰਬੰਸ ਸੰਦਾ,
ਸ਼ੀਘਰ ਪਿਆਨੁ ਕੀਤਾ ਗੁਰ ਪੁਰੀਓਲਿਆਂ ਦਾ।
ਭਾਣੇ ਮਿਠੜੇ ਮੰਨਿ ਵਿਯੋਗੀਆਂ ਨੇ,
ਪੀਤਾ ਪਿਆਰ-ਘੁੱਟ ਬੈਰਾਗ ਬਿਰਹੋਲਿਆਂ ਦਾ।
ਪਿਆਨ ਉਤਾਵਲੀਆਂ ਰੂਹਾਂ ਲੱਦ ਗਈਆਂ,
ਆਇਆ ਸੱਦ ਧੁਰੋਂ ਪਿਆਨੜੋਲਿਆਂ ਦਾ।੩੩੪।

ਸੁਣੀਆਂ ਪਾਰ ਲੰਘਦੀਆਂ ਛੈਲ ਭੈਣਾਂ,
ਰਹੇ ਧੀਰ ਕਿਉਂ ਵੀਰ ਵਿਛੜੋਲਿਆਂ ਦਾ।
ਵੀਰ ਵਿਛੜੇ ਭੈਣਾਂ ਸਹੋਦਰਾਂ ਤੋਂ,
ਡੇਰਾ ਕੂਚ ਕੂੰਜਾਂ ਹੰਸੜੋਲਿਆਂ ਦਾ।
ਹੰਸ ਉਡ ਗਏ ਕੂੰਜਾਂ ਕੂਚ ਡੇਰੇ,
ਮੇਲਾ ਗੁਰ ਸੰਜੋਗੀ ਵਿੱਛੁੰਨੋਲਿਆਂ ਦਾ।
ਨਦੀਆਂ ਵਾਹ ਸਮਾਈਆਂ ਧੁਰੀਂ ਮੇਲੇ,
ਵੇਲਾ ਆਵਸੀ ਜਦ ਸੰਜੋਗੋਲਿਆਂ ਦਾ।੩੩੫।

ਸਹੀਆਂ ਭੈਣ ਜੋਗਿੰਦ੍ਰਾਂ ਕੌਰ ਜੇਹੀਆਂ,
ਕੀਤਾ ਗੌਣ ਉਡਾਰ ਚਿਰੋਲਿਆਂ ਦਾ।
ਸੁਚਾ ਆਤਮਾ ਸ਼ੁੱਧ ਪਰੇਮ ਸੱਚਾ,
ਵਿਰਲਾ ਡਿਠੜਾਂ ਹੋਰ ਭੈਣੋਲਿਆਂ ਦਾ।
ਬਾਲੀ ਬ੍ਰੇਸ ਅਰ ਜਿਸਮ ਕਰਾਂਤ ਛੋਟੀ,
ਜੁੱਸਾ ਸਿੰਘ ਜਬਰ ਜੋਧੜੋਲਿਆਂ ਦਾ।
ਜਾਮਾ ਸਿੰਘਣੀ ਦਾ ਜਜ਼ਬਾ ਸਿੰਘ ਵਾਲਾ,
ਸਰਲ ਅਭਿਆਸ ਭਜਨ ਸਿਮਰਨੋਲਿਆਂ ਦਾ।੩੩੬।


Sri Satguru Jagjit Singh Ji eLibrary NamdhariElibrary@gmail.com

ਪਤੀ ਨਾਮ ਰਸੀਏ ਮਿਲੇ ਸਿੰਘ ਸੁਰਜਨ,
ਸੋਹੇ ਖ਼ੂਬ ਜੋੜਾ ਲੜ ਜੁੜੋਲਿਆਂ ਦਾ।
ਚਿਰ ਮਿਲਾਵੜਾ ਰਿਹਾ ਨਾ ਦੰਪਤੀ ਦਾ,
ਪਤਨੀ ਪਰੇਮ ਕੀਤਾ ਗੁਰ ਧਾਮੋਲਿਆਂ ਦਾ।
ਹੰਸੁ ਬੀਰ ਹਰਬੰਸ ਹਰਿ ਰੰਗਿ ਲੀਣੇ,
ਮਨੁ ਤਨੁ ਬਿੱਧੜਾ ਹੀਰ ਬੇਧੋਲਿਆਂ ਦਾ।
ਮਹਿਮਾ ਸਿੰਘ ਵਾਲਾ ਮਹਿਮਾ ਯੋਗ ਖੇੜਾ,
ਜਨਮ ਧਾਮ ਵਡਹੰਸ ਮਹਿਮੋਲਿਆਂ ਦਾ।੩੩੭।

ਗੁਰਮੁਖ ਮੱਲ ਮਿਰਗਿੰਦ ਵਡਹੰਸ ਪੂਰੇ,
ਆਸਣ ਮਲਿਆ ਮਾਨਸਰੋਲਿਆਂ ਦਾ।
ਤਿਨ੍ਹਾਂ ਮਰਦਲੇ ਦੁਸ਼ਟ ਅਰਿਸ਼ਟ ਪੰਜੇ,
ਖੰਡਾ ਵਾਹਿਗੁਰੂ ਵਾਹਿ ਸ਼ਬਦੋਲਿਆਂ ਦਾ।
ਮੂਰਤਿ ਭਜਨ ਉਪਕਾਰ ਗੁਰ ਸਿਦਕ ਸੰਦੀ,
ਪਾਇਆ ਮਰਤਬਾ ਅਨਿੰਨ ਭਗਤੋਲਿਆਂ ਦਾ।
ਪਰੇਮਾ ਭਗਤਿ ਅਨੁਰਾਗੁ ਵੈਰਾਗ ਪੁਤਲੇ,
ਸੇਵਾ ਭਾਉ ਵਡ ਸਾਧ ਸੰਗਤੋਲਿਆਂ ਦਾ।੩੩੮।

ਸਾਧ ਰੂਪ' ਨਿਹਾਲ ਕੌਰ ਨਰਦ ਪੂਰੀ,
ਜੁੜਿਆ ਖ਼ੂਬ ਜੋੜਾ ਧਨ ਪਿਰੋਲਿਆਂ ਦਾ।
ਖ਼ੁਦ ਨਿਹਾਲ ਹੋਈ ਪਿਰ ਨਿਹਾਲ ਕੀਤਾ,
ਵਰ ਨਿਹਾਲ ਨਿਹਾਲ ਨਦਰੋਲਿਆਂ ਦਾ।
ਨਦਰ ਕਰਮਣੀ ਭੈਣ ਨਿਹਾਲ ਕੌਰਾਂ,
ਪਦੁ ਪਰਤਿਸ਼ਟ ਜਿਨ ਕਰਮ ਵੰਤੋਲਿਆਂ ਦਾ।
ਪਰੇਮ ਨੇਮ ਗੁਰਬਾਣੀਆਂ ਪਾਠ ਪੁਤਲੀ,
ਖ਼ਾਸ ਬੋਧ ਅਰਦਾਸ ਸੋਧੋਲਿਆਂ ਦਾ।੩੩੯।

ਗੁਰ ਭੈ ਭੀਨ ਪਦਲੀਨ ਅਰਦਾਸ ਕਰਨੀ,


Sri Satguru Jagjit Singh Ji eLibrary NamdhariElibrary@gmail.com

ਪੂਰਾ ਦ੍ਰਿਸ਼ ਬਿਨੇ ਮੂੰਹਤੋਲਿਆਂ ਦਾ।
ਪਿਆਰਾ ਸਿੰਘ ਪਿਆਰੜੇ ਵੀਰ ਹੀਰੇ,
ਪੀਤਾ ਪਿਆਲੜਾ ਪਰੇਮ ਪਿਰੀਓਲਿਆਂ ਦਾ।
ਸਚੇ ਰਸੀਅੜੇ ਨਾਮ ਰਸਾਇਣਾਂ ਦੇ,
ਹਸਮੁਖ ਚੇਹਰਾ ਰੰਗ ਮਸਤੋਲਿਆਂ ਦਾ।
ਮਸਤੀ ਨਾਮ ਸੰਦੀ ਲਹਿਰਾ ਕੀਰਤਨ ਦਾ,
ਭਗਤੀ ਭਾਉ ਡੂੰਘਾ ਗੁਰਮੁਖੋਲਿਆਂ ਦਾ।੩੪੦।

ਹੋਵੇ ਦੇਖਣਾ ਜਾਉ ਦੀਦਾਰ ਕਰੋ,
ਪਿਆਰੇ ਵੀਰ ਪਿਆਰਾ ਸਿੰਘੋਲਿਆਂ ਦਾ।
ਉਸ ਤੋਂ ਉੱਚ ਜਲਵਾ ਜੇ ਦਰਕਾਰ ਹੋਵੇ,
ਖੋਜੋ ਪਰੇਮ ਕੂਚਾ ਹਰਿ-ਜਨੋਲਿਆਂ ਦਾ।
ਇਕ ਦੂੰ ਇਕ ਚੜ੍ਹੰਦੜੇ ਸੰਤ ਹਰਿ ਜਨ,
ਜਾਣੇ ਨਾਉਂ ਕੋ ਮੂ ਮੂਰਖੋਲਿਆਂ ਦਾ।
ਉਰੇ ਸੁਚੜੇ ਸੁੱਧ ਅਭਿਆਸ ਪੂਰੇ,
ਸਿਮਰਨ ਪੂਰੜਾ ਸਾਸ ਗ੍ਰਾਸੋਲਿਆਂ ਦਾ।੩੪੧।

ਡਿਠਾ ਸਿੰਘ ਹਰਿਬਚਨ ਗੁਰ ਹੰਸਲੇ ਨੂੰ,
ਅੰਕੁਰ ਉਗਿਆ ਪੁਰਬ ਕਿਰਤੋਲਿਆਂ ਦਾ।
ਇਕੋ ਸ਼ਬਦ ਕਲੇਜੜੇ ਛੇਕ ਪਾਇਆ,
ਬਾਹਿਆ ਬਾਣੁ ਗੁਰੂ ਸੂਰਮੋਲਿਆਂ ਦਾ।
ਅੰਮ੍ਰਿਤ ਪਾਨ ਕੀਤਾ ਪਿਆਲਾ ਪਰੇਮ ਪੀਤਾ,
ਲੇਖ ਮਿਟਿਆ ਜਨਮ ਮਰਨੋਲਿਆਂ ਦਾ।
ਗੁਰ ਘਰਿ ਜਨਮਨੇ ਸਾਰ ਹੀ ਗਵਨ ਮਿਟਿਆ,
ਅਚਰਜ ਡਿਠੜਾ ਅਮੀ ਸ਼ਕਤੋਲਿਆਂ ਦਾ।੩੪੨।

ਅੰਮ੍ਰਿਤ ਛਕਣੇ ਸਾਰ ਹੀ ਅਮਰ ਹੋਏ,
ਜੀਵਨ ਮੁਕਤ ਪਦੁ ਗੁਰੂ ਜਨਮੋਲਿਆਂ ਦਾ।


Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਦ ਕੁਲ ਅੰਸ ਕਰਤਾਰ ਜਨਮੇ,
ਤਿਨ੍ਹਾਂ ਗੁਰੂ ਵਰ ਗੁਰ ਸਪੂਤੋਲਿਆਂ ਦਾ।
ਹਰੀ ਬਚਨ ਹਰਿ ਪੂਤ ਸਪੂਤ ਸੁਚੇ,
ਗੁਰਮੁਖ ਸੁੱਧ ਅਸਲਾ ਗੁਰ ਅੰਸੋਲਿਆਂ ਦਾ।
ਗੁਰਮੁਖ ਸਚੜੇ ਗ੍ਰਿਹਸਤ ਉਦਾਸ ਜੋਗੀ,
ਜਲਿ ਅਲੇਪ ਵਾਸਾ ਕੰਵਲੜੋਲਿਆਂ ਦਾ।੩੪੩।

ਗੁਰੂ ਗੁਫੇ ਬਹਿ ਦੇਹੋਂ ਬਿਦੇਹ ਹੋਣਾ,
ਸਚਾ ਦਰਿਸ਼ ਪਰਤੱਖ ਡਿਠੋਲਿਆਂ ਦਾ।
ਚਿੱਤ ਬਿਤ ਅਸਥਿਤ ਸਮਾਧ ਰਹਿਣਾ,
ਨਿਤ ਨਵਾਂ ਨਕਸ਼ਾ ਲਿਵ ਅਡੋਲਿਆਂ ਦਾ।
ਹੁੰਦੇ ਤਾਣ ਨਿਤਾਣ ਫ਼ਕੀਰ ਆਜਜ਼,
ਨਕਸ਼ ਪੂਰੜਾ ਅਨਿੰਨ ਸਿੱਖੋਲਿਆਂ ਦਾ।
ਵਿਰਲੇ ਸਿਖ ਹਨ ਸਿੰਘ ਹਰਿਬਚਨ ਜੇਹੇ,
ਨਾਮ ਅਭਿਆਸ ਉਚਾ ਜਿਨ ਜਨੋਲਿਆਂ ਦਾ।੩੪੪।

ਪਹਿਲੀ ਸੱਟ ਹੀ ਸ਼ਬਦ ਲਿਵਲੀਣ ਹੋਣਾ,
ਸਹਿਜ ਚੋਜ ਨਵੀਨ ਚਲਤੋਲਿਆਂ ਦਾ।
ਜੈਸੀ ਉਪਜੜੀ ਪੇੜ ਤੋਂ ਤੋੜ ਨਿਬਹੀ,
ਮੁੱਲ ਤੁਲ ਨਾ ਰਤਨ ਕਟੋਲਿਆਂ ਦਾ।
ਰਤਨ ਕੋਠੜੀ ਖ਼ੂਬ ਅਨੂਪ ਖੁੱਲ੍ਹੀ,
ਅੰਧਕਾਰ ਮਿਟਿਆ ਮੰਦਰੋਲਿਆਂ ਦਾ।
ਗੁਰ ਕਾ ਸ਼ਬਦ ਉਜਾਰੜੇ ਜਗੇ ਦੀਪਾ,
ਮੰਦਰ ਜਗਮਗੇ ਸਿੰਘ ਸੁੰਦਰੋਲਿਆਂ ਦਾ।੩੪੫।

ਸੁੰਦਰ ਸਿੰਘ ਇਕੋ ਚਮਤਕਾਰ ਡਿਠਾ,
ਵਡ ਝਲਕਾਰ ਸ਼ਬਦ ਪਲੀਤੋਲਿਆਂ ਦਾ।
ਜੇਹਾ ਦਿਤਾ ਪਲੀਤੜਾ ਝੱਲੂ ਤੇਹੀ,


Sri Satguru Jagjit Singh Ji eLibrary NamdhariElibrary@gmail.com

ਝੱਲੇ ਬਾਣ ਕੋ ਅਝੱਲ ਝਲਕੋਲਿਆਂ ਦਾ।
ਕਾਂਪ ਖਾ ਗਏ ਇਕ ਹੀ ਦੇਖ ਝਟਕਾ,
ਫਿਰਿਆ ਫੇਰ ਨਾ ਰੰਗ ਸੁੰਦਰੋਲਿਆਂ ਦਾ।
ਗੁਰਮੁਖ ਸੰਤ ਤੋਂ ਫੋਕ ਮਹੰਤ ਰਹਿ ਗਏ,
ਫਿਰਿਆ ਤੌਰ ਔਰੇ ਭੌਰਝੋਲਿਆਂ ਦਾ।੩੪੬।

ਭੌਰੇ ਹੰਸ ਕੁਢੰਗ ਕੁਰੰਗ ਪਰਚੇ,
ਛਡਿ ਰਾਹੁ ਸਾਲਾਹ ਸਿਫਤੋਲਿਆਂ ਦਾ।
ਸਰਵਣ ਸਿੰਘ ਵਡ਼ੇ ਆਤਮ ਰੰਗ ਦੇਖੇ,
ਘਰ ਬਸੇਖਿਆ ਨਉਨਿਧ ਸਿਧੋਲਿਆਂ ਦਾ।
ਵਡ ਮਲੰਗ ਮਸਤੰਗ ਦੁਬੰਗ ਬਾਉਰੇ,
ਰੰਗੁ ਕੀਰਤਨ ਸੰਗੁ ਬਾਉਰੋਲਿਆਂ ਦਾ।
ਜਥੇ ਵਿਚ ਚਲੀ ਸ਼ਰੇਣੀ ਬਾਉਰਿਆਂ ਦੀ,
ਬਾਣਾ ਸਿੰਘ ਰਹਿਤ ਬਿਬੇਕੋਲਿਆਂ ਦਾ।੩੪੭।

ਬਾਉਰੇ ਸਿੰਘ ਵਰਿਆਮ ਬਿਬੇਕਧਾਰੀ,
ਵਡ ਵੈਰਾਗ ਜਿਨ ਪਰਮਾਰਥੋਲਿਆਂ ਦਾ।
ਡਿਗੇ ਟੀਸੀਆਂ ਤੋਂ ਥਲੇ ਆਣ ਵਜੇ,
ਭਾਣਾ ਵਰਤਿਆ ਗਤਿ ਅਚਰਜੋਲਿਆਂ ਦਾ।
ਕੀਰਤਨ ਧਨੀ ਰਸੀਏ ਸਿੰਘ ਹਰਿ ਨਿਰੰਜਨ,
ਕਿੱਤਾ ਧੁਰੋਂ ਜਿਨ ਪਾਧਾਪਣੋਲਿਆਂ ਦਾ।
ਵਡ ਦੁਬੰਗ ਰਾਜਿੰਦਰੇ ਸਿੰਘ ਬਾਉਰੇ,
ਬੂਟਾ ਖ਼ਾਸ ਬੁਟਾਰੀ ਨਗਰੋਲਿਆਂ ਦਾ।੩੪੮।

ਅਰਜਨ ਸਿੰਘ ਮਹਾਤਮਾ ਜਤ ਬ੍ਰਤੀ,
ਨਿਮਰ ਭਾਵ ਗੰਭੀਰ ਹਿਰਦੋਲਿਆਂ ਦਾ।
ਟਹਿਲ ਭਾਵਨੀ ਸੇਵ ਗੁਰਦਵਾਰਿਆਂ ਦੀ,
ਵਡ ਸੰਨਿਆਸੁ ਨਿਰਇੱਛ ਫ਼ਕਰੋਲਿਆਂ ਦਾ।



Sri Satguru Jagjit Singh Ji eLibrary NamdhariElibrary@gmail.com

ਭੂਰੀ ਵਾਲੜੇ ਸੰਤ ਪ੍ਰਸਿੱਧ ਹੋਏ,
ਪਰਉਪਕਾਰ ਕਰਿ ਗੁਰੂ ਦੁਆਰੋਲਿਆਂ ਦਾ।
ਹੀਰਾ ਸਿੰਘ ਹੀਰੇ ਸੰਤ ਦਾਊਦ ਪੁਰੀਏ,
ਸਫਲ ਜਨਮ ਹੀਰਾ ਗੁਰਮੁਖੋਲਿਆਂ ਦਾ।੩੪੯।

ਸਿਮਰਨ ਸ਼ਕਤੀ ਅਗਾਧ ਕਮਾਈਆਂ ਦੀ,
ਵਡ ਅਭਿਆਸ ਗੁਰਮੰਤਰੋਲਿਆਂ ਦਾ।
ਪੂਰਨ ਸਿੰਘ ਸੁਜਾਨ ਜਨੇਤ ਪੁਰੀਏ,
ਨਿਸਦਿਨ ਧਿਆਨ ਜਿਨ ਸੇਵ ਦੇਵੋਲਿਆਂ ਦਾ।
ਸਰਬ ਲੋਹ ਬਿਬੇਕ ਦੀ ਬਿਰਤਿ ਧਾਰੀ,
ਬਾਣਾ ਸ਼ਸਤ ਸੁਰਮਈ ਬਸਤਰੋਲਿਆਂ ਦਾ।
ਗਿਣਾਂ ਨਾਮ ਸਭੇ ਸਰਬ ਲੋਹੀਆਂ ਦੇ,
ਪਰੇਮੀ ਦਲ ਜੋ ਸਰਬ ਲੋਹੋਲਿਆਂ ਦਾ।੩੫੦।

ਵਡ ਸਿਰਮੌਰ ਬਖਸ਼ੀਸ਼ ਸਿੰਘ ਬਾਰ ਵਾਲੇ,
ਜਥੇਦਾਰ ਜੋ ਬਾਰ ਸੰਗਤੋਲਿਆਂ ਦਾ,
ਜਿਨ ਪਰਵਾਰ ਸਾਰਾ ਸਰਬਲੋਹੀਆਂ ਦਾ,
ਸਿਦਕ ਪੁੰਜ ਘਰ ਪਰਉਪਕਰੋਲਿਆਂ ਦਾ।
ਵਰੋਸਾਉਂਦੇ ਜਿਸ ਘਰੋਂ ਬਹੁ ਬਿਹੰਗਮ,
ਲੰਗਰ ਚਲਦਾ ਦੇਗ ਤੇਗੋਲਿਆਂ ਦਾ।
ਕਰਿ ਉਪਕਾਰ ਸ਼ੇਵਾ ਫਿਰ ਚਿਤਾਰਨਾ ਨਾ,
ਵਡ ਗੰਭੀਰ ਹਿਰਦਾ ਸੇਵਕੋਲਿਆਂ ਦਾ।੩੫੧।

ਐਸੇ ਗੁਰਮੁਖਾਂ ਦੇ ਹੋਰ ਕਈ ਘਰਾਣੇ,
ਬਾਵਨ ਚੱਕ ਬਾਵਨ ਚੰਦਨੋਲਿਆਂ ਦਾ।
ਗੁਰਮੁਖ ਸਿੰਘ ਭਰਪੂਰ ਸਭ ਸਰਬਲੋਹੀ,
ਜਵਾਹਰ ਸਿੰਘ ਭ੍ਰਾਤਾ ਭ੍ਰਾਤੋਲਿਆਂ ਦਾ।
ਟੱਬਰ ਸਣੇ ਤਿਆਰ ਬਰਤਿਆਰ ਹੋਏ,



Sri Satguru Jagjit Singh Ji eLibrary NamdhariElibrary@gmail.com

ਸਭ ਪਰਵਾਰ ਸੁਚਿਆਰ ਸਿੰਘੋਲਿਆਂ ਦਾ।
ਸਿਦਕ ਵੱਡੜਾ ਸਰਬਲੋਹ ਧਾਰਨਾ ਦਾ,
ਧਰਮ ਸਿੰਘ ਬਿਰੱਕਤ ਬਿਬੇਕੋਲਿਆਂ ਦਾ।੩੫੨।

ਆਤਮਾ ਸਿੰਘ ਬਿਬੇਕੀਏ ਸਰਬਲੋਹੀ,
ਮੁੱਢ ਅਰੰਭਿਆ ਸਰਬਲੋਹੋਲਿਆਂ ਦਾ।
ਬਾਬਾ ਰਾਮ ਸਿੰਘ ਜੀ ਸਰਬ ਲੋਹ ਬਿਬੇਕੀ,
ਸਰਬ ਬਿਰਦੂ ਪੂਰਾ ਬਿਰਧੜੋਲਿਆਂ ਦਾ।
ਸੰਤ ਰੂਪ ਗੁਰਮੁਖ ਭਾਈ ਅਤਰ ਸਿੰਘ ਜੀ,
ਦ੍ਰਿੜ੍ਹ ਸਰਬਲੋਹ ਪ੍ਰਣ ਬਿਬੇਕੋਲਿਆਂ ਦਾ।
ਸੁਧ ਪਾਠ ਅਖੰਡ ਗੁਰਬਾਣੀਆਂ ਦੇ,
ਰਸੀਆ ਕੀਰਤਨ ਪਾਠ ਅਖੰਡੋਲਿਆਂ ਦਾ।੩੫੩।

ਨਾਮ ਰਤਿਆਂ ਦੀ ਵਡ ਅਗਾਧ ਮਹਿਮਾ,
ਪੁੰਜ ਜਥੜਾ ਨਾਮ ਰਤੋਲਿਆਂ ਦਾ।
ਦੋ ਦੋ ਪਹਿਰ ਲਗ ਪਾਠ ਅਖੰਡ ਕਰਨਾ,
ਲਗਾਤਾਰ ਹੱਲਾ ਲਿਵ ਲਗੋਲਿਆਂ ਦਾ।
ਨਾਮ ਰਹੱਸ ਦੂਣਾ ਸਰਬਲੋਹੀਆਂ ਨੂੰ,
ਜੋਤਿ ਜਜ਼ਬੜਾ ਲੋਹ ਸ਼ਕਤੋਲਿਆਂ ਦਾ।
ਦੀਪ ਦਰਸ਼ਨੀ ਵੀਰ ਦਲੀਪ ਸਿੰਘ ਜੀ,
ਸਰਬ ਲੋਹ ਛਾਂਦਾ ਅੰਮ੍ਰਿਤੋਲਿਆਂ ਦਾ।੩੫੪।

ਸਿੰਘ ਸਰਬ ਲੋਹੀ ਇਕੋ ਤਾਰ ਪਰੋਤੇ,
ਹੈ ਅਭੇਦ ਬਾਟਾ ਤਿਨ ਜਨੋਲਿਆਂ ਦਾ।
ਸੰਤਾ ਸਿੰਘ ਦੁਆਬੀਏ ਗੁਰ ਭੁਝੰਗੀ,
ਨਾਮ ਧੁੱਮਿਆ ਮੂਸਾ ਪੁਰੋਲਿਆਂ ਦਾ।
ਓੜਕ ਹੁੰਮ ਕੇ ਧੁੰਮ ਕੇ ਰਹਿ ਖੜੋਤੇ,
ਭਾਣਾ ਵਰਤਿਆ ਪੂਰਬ ਕਰਮੋਲਿਆਂ ਦਾ।


Sri Satguru Jagjit Singh Ji eLibrary NamdhariElibrary@gmail.com

ਦਿਨ ਥੋਰੜੇ ਚਾਰ ਦਿਨ ਰੰਗ ਮਾਣੇ,
ਚੜ੍ਹਿਆ ਰੰਗ ਐਪਰ ਗਹਿਗਚੋਲਿਆਂ ਦਾ।੩੫੫।

ਗੁਨਚੇ ਰਹੇ ਸ਼ਗੁਫ਼ਤ ਦਿਨ ਥੋਰੜੇ ਹੀ,
ਚਮਕਦਾਰ ਫੁਲ ਚਾਰ ਦਿਵਸੋਲਿਆਂ ਦਾ।
ਰਹਿਤ ਸਰਬ ਲੋਹ ਸੰਗਿ ਸੁਰਜੀਤ ਥੀਏ,
ਕਿੰਚਤ ਕਾਲ ਬਹੁ ਚਮਤਕਾਰੋਲਿਆਂ ਦਾ।
ਬਾਲੀ ਬੈਸ ਡਿਠੇ ਚਮਤਕਾਰ ਖਾਸੇ,
ਬਾਕਾ ਬਗ ਗਿਆ ਅਧੋਗਤੋਲਿਆਂ ਦਾ।
ਕਈ ਹੋਰ ਸਰਬ ਲੋਹੀਏ ਚਾਰ ਦਿਵਸੀ,
ਦਸਾਂ ਨਾਮ ਕੀ ਚਾਰ ਦਿਵਸੋਲਿਆਂ ਦਾ।੩੫੬।

ਲਾਲ ਸਿੰਘ ਫੌਜੀ ਮੋਹਿ ਗ੍ਰਿਹ ਗੁਆਂਢੀ,
ਨਿਭਿਆ ਨੇਮ ਸੁਖਮਨੀ ਪਾਠੋਲਿਆਂ ਦਾ।
ਜਲ ਗਇਆ ਬਿਬੇਕ ਸਭ ਫ਼ੇਲ੍ਹ ਹੋਇਆ,
ਹਰਿਆ ਬੂਟ ਸਿੱਖਾਂ ਵਿਰਲੜੋਲਿਆਂ ਦਾ।
ਵੱਜੇ ਲਾਲ ਸਿੰਘ ਧਾਂਦਰਾ ਸਰਬਲੋਹੀ,
ਨਿਭਿਆ ਤੋੜ ਤਿਨ ਸਿਰੜ ਸਿਦਕੌਲਿਆਂ ਦਾ।
ਰਸੀਏ ਕੀਰਤਨ ਦੇ ਬੜੇ ਲਾਲ ਸਿੰਘ ਜੀ,
ਅਖੰਡ ਅਲਾਪ ਜਿਨ ਧੁਨ ਕੀਰਤਨੋਲਿਆਂ ਦਾ।੩੫੭।

ਸਿੰਘ ਰਹਿਤੀਆਂ ਵਿਚੋਂ ਅਭੇਦ ਹੋਏ,
ਜਥੇ ਸਿੰਘ ਵਰਤਣ ਅਭੇਦੋਲਿਆਂ ਦਾ।
ਸਾਜ ਮੋਰ ਤਾਊਸ ਸੰਗੀਤ ਰਸੀਆ,
ਥੰਮ੍ਹ ਅਗੰਮ ਅਖੰਡ ਕੀਰਤਨੋਲਿਆਂ ਦਾ।
ਸਾਰੀ ਰੈਣਿ ਕਰਿ ਕੀਰਤਨ ਮਸਤ ਰਹਿਣਾ,
ਵੱਡਾ ਜਾਗਣੀ ਜਗਰਾਤ੍ਰੋਲਿਆਂ ਦਾ।
ਨਿਭੀ ਜ਼ਿੰਦਗੀ ਤੋੜ ਬਿਬੇਕ ਬਿਰਤੀ,



Sri Satguru Jagjit Singh Ji eLibrary NamdhariElibrary@gmail.com

ਚਾਲਾ ਪਿਆ ਓੜਕ ਬਿਬੇਕੜੋਲਿਆਂ ਦਾ।੩੫੮।

ਸਰਬ ਲੋਹ ਬਿਬੇਕੀਏ ਰਹੇ ਥੋੜੇ,
ਸਮਾਂ ਆ ਗਿਆ ਔੜ ਰੁਤੋਲਿਆਂ ਦਾ।
ਲੱਗੀ ਔੜ ਬਿਬੇਕੀਏ ਰਹੇ ਵਿਰਲੇ,
ਜਥਾ ਪੁੰਜ ਵਿਰਲੇਸ ਪੰਚੋਲਿਆਂ ਦਾ।
ਧੰਨ ਰਹੇ ਜੋ ਰਹਿਤ ਬਿਬੇਕ ਪੂਰੇ,
ਧੰਨ ਜਨਮੁ ਤਿਨ ਰਹਿਤ ਵੰਤੋਲਿਆਂ ਦਾ।
ਗੁਰਮੁਖ ਸਿੰਘ ਸੂਰੇ ਪੂਰੇ ਮੱਲ ਸਿੰਘ ਜੀ,
ਪੂਰਾ ਸਿਦਕ ਬਿਬੇਕ ਰਹਿਤੋਲਿਆਂ ਦਾ।੩੫੯।

ਯੂਰਪ ਯੁੱਧ ਭੂਮੀ ਅੰਦਰ ਵਿਚਰ ਕੇ ਭੀ,
ਨਿਭਿਆ ਸਿਦਕ ਬਿਬੇਕ ਪ੍ਰਣੋਲਿਆਂ ਦਾ।
ਪੂਰੀ ਰਹੀ ਰਹਿਣੀ ਪੂਰੇ ਆਪ ਰਾਖੀ,
ਵੱਡਾ ਸਦਕੜਾ ਨਦਰ ਕਰਮੋਲਿਆਂ ਦਾ।
ਹਰ ਰਹਿਤ ਰਹਿਣੀ ਪੂਰੇ ਸਿੰਘ ਫੌਜੀ,
ਗਿਣਾਂ ਨਾਮ ਨਿਤ ਤਿਨ੍ਹ ਫੌਜੀ ਸਿੰਘੋਲਿਆਂ ਦਾ।
ਰਹੇ ਜੱਥੜੇ ਦੇ ਜੇਹੜੇ ਰੁਕਨ ਪਰੇਮੀ,
ਸੰਕਟ ਕਟਿਆ ਯੁਧ ਭੂਮੋਲਿਆਂ ਦਾ।੩੬੦।

ਸੁਰਜਨ ਸਿੰਘ ਮਮਗੁਾਮੀਏ ਸ਼ਬਦ ਪਰੇਮੀ,
ਪਰੇਮ ਵਡੜਾ ਸਾਧ ਸੰਗੋਲਿਆਂ ਦਾ।
ਸੀਲਾ ਸਿੰਘ ਹਰਨਾਮ ਸਿੰਘ ਮੈਣ ਦੁਆਬੀ,
ਵੱਡ ਉਤਸ਼ਾਹ ਅਖੰਡ ਪਾਠੋਲਿਆਂ ਦਾ।
ਨੱਥੋਵਾਲੀ ਨਰਾਇਣ ਸਿੰਘ ਸਿੰਘ ਸਾਜ਼ੀ,
ਵ਼ਡੇ ਮੋਹਰੀ ਸੂਰ ਬੀਰੋਲਿਆਂ ਦਾ।
ਮੰਗਲ ਸਿੰਘ ਹੁਸ਼ਿਆਰ ਸਿੰਘ ਬੀਰ ਬਾਂਕੇ,
ਪਿੰਡ ਉਗੋਕੇ ਵਾਸੁ ਵੀਰੋਲਿਆਂ ਦਾ।੩੬੧।



Sri Satguru Jagjit Singh Ji eLibrary NamdhariElibrary@gmail.com

ਕੇਹੜੇ ਕੇਹੜੇ ਗਿਣਾਂ ਨਾਮ ਵੀਰਨਾਂ ਦੇ,
ਨਾਮ ਪਿਆਰੜਾ ਨਾਮ ਰਸੀਓਲਿਆਂ ਦਾ।
ਪਿਆ ਨਾਮ ਦਾ ਪਿਆਰ ਇਕ ਵਾਰ ਜਿਨ੍ਹਾਂ,
ਭੁਲਾਂ ਨਾਮ ਕਿਮ ਤਿਨ ਪਿਆਰੜੋਲਿਆਂ ਦਾ।
ਨਾਮ ਤਾਰ ਰਸ ਲੜੀ ਪਰੋਤੜੇ ਜੋ,
ਚੜ੍ਹਿਆ ਪਾਹੁ ਰਸ ਪਰਮ ਰੰਗੋਲਿਆਂ ਦਾ।
ਨਾਮ ਝੜੀ ਇਕੋ ਘੜੀ ਜਿਨ ਲੱਗੀ,
ਰਸੀਆ ਨਾਮ ਤਿਨ੍ਹ ਝੜੀ ਲਗੋਲਿਆਂ ਦਾ।੩੬੨।

ਅੰਮ੍ਰਿਤ ਛਕ ਕੇ ਚਖਿਆ ਰਸ ਜਿਨ੍ਹਾਂ,
ਕਰਾਂ ਯਾਦ ਇਹ ਨਾਮ ਰਸੋਲਿਆਂ ਦਾ।
ਕੇਹਰ ਸਿੰਘ ਪ੍ਰਧਾਨ ਸਿੰਘ ਖੇਮ ਸਿੰਘ ਜੀ,
ਪਹਿਲਾ ਪੂਰ ਭੁਯੰਗ ਸਿੰਘੋਲਿਆਂ ਦਾ।
ਪ੍ਰੀਤਮ ਸਿੰਘ ਜੀਵਨ ਸਿੰਘ ਖੜਕ ਸਿੰਘ ਜੀ,
ਪਰੇਮੀ ਪੂਰ ਬੈਰਾਗੀਅੜੋਲਿਆਂ ਦਾ।
ਬੋਪਾ ਰਾਇ ਗ੍ਰਾਮੀਏ ਇਹ ਭੁਝੰਗੀ,
ਭੂਲਾਂ ਨਾਮ ਨ ਪਰੇਮ ਵਰੋਲਿਆਂ ਦਾ।੩੬੩।

ਮਹਿਮਾ ਸਿੰਘ ਸੋਹਣ ਸਿੰਘ ਜਾਂਗਪੁਰੀਏ,
ਲਗਾ ਪਰੇਮ ਸੁਰੰਗ ਪਿਰੋਓਲਿਆਂ ਦਾ।
ਲਲਤੋਂ ਨਗਰੀਏ ਸਿੰਘ ਨਿਰਵੈਰ ਪਰੇਮੀ,
ਰਾਮ ਸਿੰਘ ਵਡ ਬੀਰ ਬੀਰੋਲਿਆਂ ਦਾ।
ਅਰਜਨ ਸਿੰਘ ਦੁਆਬੀਆ ਖਿਲ ਬਉਰਾ,
ਵਡਾ ਪਰੇਮ ਜਿਨ ਪਿਰ ਦਰਸ਼ਨੋਲਿਆਂ ਦਾ।
ਬਾਪੂ ਬਾਪੂ ਪੁਕਾਰਦਾ ਫਿਰੇ ਪਰੇਮੀ,
ਵਰਨਾਂ ਹਾਲ ਕਿਵੇਂ ਪਰੇਮ ਬਵਰੋਲਿਆਂ ਦਾ।੩੬੪।

ਹਰੀ ਕੇਹਰ ਹਰਿ ਸਿੰਘ ਕ੍ਰਿਪਾਲ ਦੋਈ,



Sri Satguru Jagjit Singh Ji eLibrary NamdhariElibrary@gmail.com

ਜੋੜਾ ਸਿੰਘ ਅਕਾਲ ਗੜ੍ਹੀਓਲਿਆਂ ਦਾ।
ਲਾਲ ਸਿੰਘ ਹਰਬੰਸ ਸਿੰਘ ਅਮਰ ਸਿੰਘ ਜੀ,
ਸੋਹਣਾ ਪੂਰ ਗੁਜਰਵਾਲੀਓਲਿਆਂ ਦਾ।
ਰਾਮ ਸਿੰਘ ਜਥੇਦਾਰ ਗੁਜਰਵਾਲੀ,
ਸਾਂਭੂ ਸਤਿ ਸਤਸੰਗ ਮੰਡੋਲਿਆਂ ਦਾ।
ਨਾਗੋਕੀ ਸਰਲੀ ਵਰਿਆਮ ਸਿੰਘ ਜੀ,
ਵੀਰ ਬਾਂਕਰਾ ਗੁਰਮੁਖ ਜਨੋਲਿਆਂ ਦਾ।੩੬੫।

ਗੁਰਮੁਖ ਵੀਰ ਸ੍ਰੀ ਮੱਲ ਸਿੰਘ ਪਰਮ ਪਰੇਮੀ,
ਸਭ ਪਰਵਾਰ ਪੂਰਾ ਹਰਿ ਜਨੋਲਿਆਂ ਦਾ।
ਸੇਵਾ ਪਰੇਮ ਮੂਰਤ ਮਾਈ ਪਰੇਮ ਕੌਰਾਂ,
ਬਾਬਾ ਰਾਮ ਸਿੰਘ ਰੂਪ ਸਿਵਕੋਲਿਆਂ ਦਾ।
ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ,
ਨਕਸ਼ਾ ਪੁਰਾਤਨੀ ਸੇਵ ਪਰੇਮੋਲਿਆਂ ਦਾ।
ਨਾਮ ਜਪਣਾ ਕ੍ਰਿਤ ਕਰਿ ਵੰਡ ਛਕਣਾ,
ਨਿਭਿਆ ਨੇਮ ਦੰਪਤਿ ਬਜ਼ੁਰਗੋਲਿਆਂ ਦਾ।੩੬੬।

ਘਰੋਂ ਗਰੀਬ ਗੁਜ਼ਰਾਨ ਸੰਤੋਖੀਆਂ ਦੀ,
ਸਬਰ ਸ਼ੁਕਰ ਨਿਰਇਛ ਫ਼ਕਰੋਲਿਆਂ ਦਾ।
ਰਾਜ਼ਕ ਰਿਜ਼ਕ ਰੱਜੇ ਰਾਜੇ ਬੇਮੁਥਾਜੇ,
ਘਰਿ ਹਰਿਨਾਮੁ ਧਨੁ ਗੁਰ ਨਿਧਾਨੋਲਿਆਂ ਦਾ।
ਸੱਚੀ ਪਾਤਸ਼ਾਹੀ ਬੇਪਰਵਾਹੀਆਂ ਦੀ,
ਸੱਚਾ ਸੁਖ ਬੇ-ਫ਼ਿਕਰ ਸ਼ਾਹੋਲਿਆਂ ਦਾ।
ਸੱਚੀ ਪੂੰਜੜੀ ਨਾਮੁ ਨਿਧਾਨ ਕੇਰੀ,
ਖ਼ਤਰਾ ਖ਼ੌਫ਼ ਨਾ ਡਰ ਤਸਕਰੋਲਿਆਂ ਦਾ।੩੬੭।

ਸੱਚੇ ਸ਼ਾਹੁ ਧਨਵੰਤ ਸਚੁ ਪੂੰਜੀਆਂ ਦੇ,
ਨਾਮ ਸੱਚੜਾ ਧਨੁ ਨਿਰਧਨੋਲਿਆਂ ਦਾ।



Sri Satguru Jagjit Singh Ji eLibrary NamdhariElibrary@gmail.com

ਨਿਰਧਨ ਨਾਹਿ ਜਿਨ ਸੰਚਿਆ ਨਾਮ ਸੱਚਾ,
ਹਰਿ ਜਨ ਸ਼ਾਹੁ ਸੱਚਾ ਸਰਧਨੋਲਿਆਂ ਦਾ।
ਥੱਕੀ ਗੱਲ ਨਿਰਧਨਾਂ ਸਰਧਨਾਂ ਵਾਲੀ,
ਨਿਆਰਾ ਅੰਗ ਧਨੀ ਹਰਿ ਜਨੋਲਿਆਂ ਦਾ।
ਸਗਲ ਸ੍ਰਿਸ਼ਟ ਦੇ ਧਨਾਂ ਦੇ ਧਨੀ ਸਚੇ,
ਹੀਰਾ ਹਰਿ ਜਿਨ ਨਾਮ ਨਿਰਮੋਲਿਆਂ ਦਾ।੩੬੮।

ਘਾਲ ਗਾਖੜੀ ਨਾਮ ਕਮਾਈਆਂ ਦੀ,
ਸੇਵਾ ਨਾਮ ਸੇਵਾ ਘਾਲੜੋਲਿਆਂ ਦਾ।
ਕਰੜੀ ਸੇਵ ਕੀਨੀ ਗੁਰੂ ਸੰਗਤਾਂ ਦੀ,
ਤਰਿਆ ਬਿਰਧ ਜੋੜਾ ਦੰਪਤੋਲਿਆਂ ਦਾ।
ਮਾਈ ਪਰੇਮ ਕੌਰ ਨਿਮ੍ਰਤਾ ਪਰੇਮ ਖੀਵੀ,
ਸੀਤਲ ਹਿਰਦ ਦੁਹਿ ਸ਼ਾਂਤ ਬਿਰਧੋਲਿਆਂ ਦਾ।
ਲਾਲ ਗੁਰੂ ਕੇ ਰੰਗਲੇ ਫੁਲ ਬਾਂਕੇ,
ਕਰਨਾ ਜ਼ਿਕਰ ਮੁਹਾਲ ਫੁਲੜੋਲਿਆਂ ਦਾ।੩੬੯।


Sri Satguru Jagjit Singh Ji eLibrary NamdhariElibrary@gmail.com

# ਪ੍ਰੇਮੀਆਂ ਦੀ ਯਾਦ

## ਨਾਵਾਂ ਥਾਵਾਂ ਦੀ ਵਿਆਖਿਆ

ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਜੋਤਿ ਵਿਗਾਸ' ਵਿਚ ੩੧੯ ਤੋਂ ਲੈ ਕੇ ੩੬੯ ਤਕ ਇਕਵੰਜਾ ਬੰਦਾਂ ਦੀਆਂ ੨੦੪ ਤੁਕਾਂ ਵਿਚ ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੇ ਨਾਵਾਂ ਥਾਵਾਂ ਦਾ ਵੇਰਵਾ ਪ੍ਰੇਮ-ਯਾਦ ਦੀ ਲਹਿਰ ਵਿਚ ਆ ਕੇ ਅੰਕਤ ਕੀਤਾ ਹੈ। ਉਨ੍ਹਾਂ ਨੇ ਦਸਿਆ ਹੈ ਕਿ ਕਿਸ ਤਰ੍ਹਾਂ ਅੰਮ੍ਰਿਤ ਪ੍ਰਚਾਰ ਦੁਆਰਾ ਇਨ੍ਹਾਂ ਸਿੰਘਾਂ ਨੂੰ ਪ੍ਰੇਮ ਦੀ ਜਾਗ ਲੱਗੀ ਅਤੇ ਅੰਮ੍ਰਿਤ ਛਕਣ ਪ੍ਰਸ਼ੰਤ ਕਿਸ ਤਰ੍ਹਾਂ ਨਾਮ ਦਾ ਬੀਜ ਪ੍ਰਫੁਲਤ ਹੋਇਆ। ਇਸ ਵੇਰਵੇ ਵਿਚ ਕੇਵਲ ੧੯੧੫ ਈ: ਤਕ ਦੇ ਸਮੇਂ ਦੇ ਜਥੇ ਦੇ ਸਿੰਘਾਂ ਦੇ ਨਾਮ ਹਨ। ਬੰਦ ੩੧੯ ਵਿਚ ਦਸਿਆ ਹੈ ਕਿ ਕੀਰਤਨ ਨਾਮ ਵਿਚ ਬੀਜੇ ਹੋਏ ਬੀਜ ਹਰੇ ਹੋਏ, ਜਿਸ ਤੋਂ ਪ੍ਰੇਮੀ ਸਜਣਾਂ ਦਾ ਅਮਰ ਬਾਗ ਹਰਾ ਹੋ ਗਿਆ। ਉਪਕਾਰ ਦੇ ਬੀਜ ਬੀਜੇ ਹੋਏ ਬਿਰਥੇ ਨਹੀਂ ਜਾਂਦੇ, ਜਿਸ ਤੋਂ ਪਰਉਪਕਾਰੀ ਦੇਵਤਾ ਰੂਪ ਸੱਜਣਾਂ ਦਾ ਦਲ (ਜਥਾ) ਪੈਦਾ ਹੋ ਗਿਆ। ਇਕ ਇਕ ਬੀਜ ਤੋਂ ਹਜ਼ਾਰਾਂ ਫੁਲ ਖਿੜ ਗਏ, ਭਾਵ, ਬਹੁਤ ਸਿੰਘ ਸਜ ਗਏ ਤੇ ਉਸ ਜ਼ਮਾਨੇ ਵਿਚ ਇਕ ਅਮਰ ਬਾਗ ਖਿੜ ਗਿਆ। ਬੰਦ ੩੨੦ ਵਿਚ ਲਿਖਿਆ ਹੈ ਕਿ ਫੁੱਲਾਂਵਾਲ ਵਿਚੋਂ ਭਾਈ ਦਲੀਪ ਸਿੰਘ ਅਤੇ ਚਮਿੰਡਿਆਂ ਤੋਂ ਗਿਆਨੀ ਹਰਿਭਜਨ ਸਿੰਘ ਦੋ ਹੌਂਸਲੇ ਸੱਜਣ ਪੈਦਾ ਹੋ ਗਏ। ਬਸੰਤ ਦੀ ਅਮਰੀ ਪੌਣ ਦਾ ਸਮਾਂ ਸ਼ੁਰੂ ਹੋ ਗਿਆ ਤੇ ਪਤਝੜ ਦੀ ਰੁੱਤ ਮੁਕ ਗਈ। ਭਾਵ, ਸਤਸੰਗ ਮੰਡਲ ਦੀ ਚੜ੍ਹਦੀ ਕਲਾ ਦਾ ਸਮਾਂ ਅਰੰਭ ਹੋ ਗਿਆ। ਸਮਾਂ ਬਦਲ ਗਿਆ ਤੇ ਅਸਾਡੇ ਤੌਰ ਭੀ ਬਦਲ ਗਏ। ਪ੍ਰੇਮੀ ਭੌਰਿਆਂ ਵਲ ਅਸਾਡਾ ਧਿਆਨ ਹੋਇਆ। ਅਸਾਡੀ ਦਿੱਬ ਦ੍ਰਿਸ਼ਟੀ ਹੋ ਗਈ। ਸੰਸਾਰਕ ਖ਼ਿਆਲਾਂ ਦਾ ਜਾਲ ਕਟਿਆ ਗਿਆ। ਬੰਦ ੩੨੧, ੩੨੨ ਅਤੇ ੩੨੩ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਅਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਪਿਛਲੇ ਕੀਰਤਨ-ਨਜ਼ਾਰੇ ਅਤੇ ਪ੍ਰੇਮ-



Sri Satguru Jagjit Singh Ji eLibrary NamdhariElibrary@gmail.com

ਯਾਦਾਂ ਚੇਤੇ ਆ ਗਈਆਂ। ਇਹ ਸਾਰੇ ਨਕਸ਼ੇ ਹੂ-ਬ-ਹੂ ਅਸਾਡੇ ਅੰਦਰ ਚਿਤਰੇ ਪਏ ਹਨ। ਅਸਾਨੂੰ ਇਨ੍ਹਾਂ ਪ੍ਰੇਮ-ਕੀਰਤਨ-ਯਾਦਾਂ ਨੂੰ ਚੇਤੇ ਕਰ ਕੇ ਨਾਮ ਦਾ ਅਨੰਦ ਰਸ ਦੂਣ ਸਵਾਇਆ ਵਧ ਰਿਹਾ ਹੈ ਅਤੇ ਗੁਰੂ ਅਕਾਲ ਪੁਰਖ ਦੇ ਸਨਮੁਖ ਦਰਸ਼ਨ ਹੋ ਰਹੇ ਹਨ।

ਉਨ੍ਹਾਂ ਨੇ ਬੰਦ ੩੨੪ ਵਿਚ ਦਸਿਆ ਹੈ ਕਿ ਭਾਈ ਆਤਮਾ ਸਿੰਘ ਮੋਗੇ ਵਾਲੇ ਪ੍ਰੇਮ ਦਾ ਤੀਰ ਖਾ ਕੇ ਨਿਰਮਾਣ ਹੋ ਕੇ ਬਿਹੰਗਮੀ ਬਾਣਾ ਧਾਰ ਕੇ ਬਿਹੰਗਮ ਹੋ ਗਏ। ਇਹ ਸਰਦਾਰ ਆਤਮਾ ਸਿੰਘ ਜੀ ਪਟਿਆਲੇ ਡਿਉਢੀ ਵਿਚ ਮਹਾਰਾਜਾ ਸਾਹਿਬ ਦੀ ਪ੍ਰੀਵੀ ਪਰਸ ਦੇ ਸੁਪ੍ਰਿੰਟੈਂਡੈਂਟ ਸਨ। ਬੀ.ਏ. ਤਕ ਤਾਲੀਮ ਹੈ, ਬੜੇ ਪ੍ਰੇਮੀ ਤੇ ਗੰਭੀਰ ਸੱਜਣ ਹਨ। ਇਨ੍ਹਾਂ ਨੇ ਕਈ ਪੁਸਤਕਾਂ ਭੀ ਲਿਖੀਆਂ ਹਨ, ਜਿਨ੍ਹਾਂ ਵਿਚੋਂ ਇਕ ਦੋ ਛਪੀਆਂ ਹਨ, ਬਾਕੀ ਨਹੀਂ। ਭਾਈ ਸਾਹਿਬ ਦੇ ਮੁਕੱਦਮੇ ਸਮੇਂ ਇਨ੍ਹਾਂ ਨੇ ਬੜੀ ਸਹਾਇਤਾ ਅਤੇ ਸੇਵਾ ਕੀਤੀ। ਬੰਦ ੩੨੫ ਤੇ ੩੨੬ ਵਿਚ ਇਨ੍ਹਾਂ ਨਾਲ ਵਿਛੋੜਾ ਪੈ ਜਾਣ ਦਾ ਜ਼ਿਕਰ ਕੀਤਾ ਹੈ। ਜੇਲ੍ਹ ਜਾਣ ਤੋਂ ਪਹਿਲਾਂ ਇਨ੍ਹਾਂ ਨਾਲ ਕੁਝ ਨਰਾਜ਼ਗੀ ਹੋ ਗਈ ਸੀ। ਉਸ ਵਲ ਇਸ਼ਾਰਾ ਹੈ। ਪਰ ਪਿਛੋਂ ਉਹ ਦੂਰ ਹੋ ਗਈ ਸੀ। ਬੰਦ ੩੨੬ ਵਿਚ ਭਾਈ ਗੁਰਬਖਸ਼ ਸਿੰਘ ਦਾ ਜ਼ਿਕਰ ਆਇਆ ਹੈ। ਇਹ ਭਾਈ ਗੁਰਬਖਸ਼ ਸਿੰਘ 'ਕਮਾਲ ਪੁਰੇ' ਵਾਲੇ ਹਨ, ਬਹੁਤ ਚਿਰ ਹੋਇਆ, ਚਲਾਣਾ ਕਰ ਚੁਕੇ ਹਨ। ਇਨ੍ਹਾਂ ਦਾ ਪੂਰਾ ਹਾਲ 'ਰੰਗਲੇ ਸੱਜਣ' ਪੁਸਤਕ ਵਿਚ ਪੜ੍ਹੋ।

ਜਥੇ ਦਾ ਨਾਮ ਨਿਰਬਾਣ ਕੀਰਤਨੀ ਜਥਾ ਹੈ। ਅੱਗੇ ਸਿੰਘਾਂ ਦੇ ਨਾਵਾਂ ਅਤੇ ਥਾਵਾਂ ਦਾ ਵੇਰਵਾ ਇਸ ਪ੍ਰਕਾਰ ਚਲਦਾ ਹੈ:

### ੧. ਭਾਈ ਜਸਵੰਤ ਸਿੰਘ ਲਲਤੋਂ

ਇਹ ਭੁਝੰਗੀ, ਲਲਤੋਂ ਦਾ ਹੋਣਹਾਰ ਵਿਦਿਆਰਥੀ ਮਿਸ਼ਨ ਹਾਈ ਸਕੂਲ ਲੁਧਿਆਣੇ ਵਿਚ ਪੜ੍ਹਦਾ ਹੁੰਦਾ ਸੀ। ਇਹ ਪੜ੍ਹਨ ਵਿਚ ਬਹੁਤ ਲਾਇਕ ਸੀ। ਇਹ ਬਹੁਤ ਪ੍ਰੇਮੀ ਸੱਜਣ ਸੀ ਅਤੇ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਿਆ। ਇਸ ਦੇ ਮਾਤਾ ਪਿਤਾ ਤਾਂ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ। ਇਸ ਦਾ ਭਾਈ ਜਸਵੰਤ ਸਿੰਘ ਜੱਥੋ ਮਾਜਰੇ ਵਾਲੇ ਨਾਲ ਬਹੁਤ ਪ੍ਰੇਮ ਸੀ। ਇਸ ਦਾ ਵਧੇਰੇ ਹਾਲ 'ਰੰਗਲੇ ਸੱਜਣ' ਪੁਸਤਕ ਵਿਚ ਹੈ।



Sri Satguru Jagjit Singh Ji eLibrary NamdhariElibrary@gmail.com

## ੨. ਭਾਈ ਪ੍ਰਭਾਕਰ ਸਿੰਘ ਲਲਤੋਂ

ਇਹ ਨੌਜਵਾਨ ਬਿਬੇਕੀ ਗੰਭੀਰ ਨਾਮ-ਅਭਿਆਸੀ ਸੱਜਣ ਸਨ। ਇਹ ੧੯੧੫ ਈ: ਦੀਆਂ ਗਰਮੀਆਂ ਵਿਚ ਪ੍ਰਲੋਕ ਸਿਧਾਰੇ ਸਨ। ਅਸੀਂ ਉਸ ਵੇਲੇ ਲੁਧਿਆਣੇ ਜੇਲ੍ਹ ਵਿਚ ਸੀ। ਇਕ ਦਿਨ ਜਦੋਂ ਤ੍ਰਿਕਾਲਾਂ ਵੇਲੇ ਕੋਠੀਆਂ ਖੁਲ੍ਹੀਆਂ ਤਾਂ ਭਾਈ ਸਾਹਿਬ ਨੇ ਦਾਸ ਨੂੰ ਦਸਿਆ ਕਿ 'ਭਾਈ ਪ੍ਰਭਾਕਰ ਸਿੰਘ ਜੀ ਚਲਾਣਾ ਕਰ ਗਏ ਹਨ ਅਤੇ ਉਨ੍ਹਾਂ ਦੀ ਰੂਹ ਅਸਾਨੂੰ ਮਿਲ ਕੇ ਗਈ ਹੈ, ਬੜੀ ਲਤੀਫ਼ ਰੂਹ ਸੀ।' ਇਨ੍ਹਾਂ ਦਾ ਹਾਲ ਭੀ 'ਰੰਗਲੇ ਸੱਜਣ' ਪੁਸਤਕ ਵਿਚ ਦਰਜ ਹੈ।

## ੩. ਭਾਈ ਨਿਰਭੈ ਸਿੰਘ ਲਲਤੋਂ

ਇਹ ਲਲਤੋਂ ਦੇ ਪ੍ਰੇਮੀ ਸੱਜਣ ਸਨ। ਇਹ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀ ਸਨ। ਇਨ੍ਹਾਂ ਨੇ ੧੯੨੦ ਈ: ਵਿਚ ਹਜ਼ਾਰੀ ਬਾਗ ਜੇਲ੍ਹ ਵਿਚ ਜਾ ਕੇ ਭਾਈ ਸਾਹਿਬ ਨਾਲ ਮੁਲਾਕਾਤ ਕੀਤੀ ਸੀ। ਇਹ ਸਾਰਾ ਹਾਲ ਜੇਲ੍ਹ ਚਿੱਠੀਆਂ ਵਿਚ ਦਰਜ ਹੈ। ੧੯੨੯ ਈ: ਵਿਚ ਇਨ੍ਹਾਂ ਦਾ ਚਲਾਣਾ ਲਲਤੋਂ ਵਿਚ ਹੀ ਹੋਇਆ। ਲਲਤੋਂ ਵਾਲੇ ਸਿੰਘਾਂ ਦਾ ਜ਼ਿਕਰ ਬੰਦ ੩੨੬ ਤਕ ਹੈ।

## ੪. ਜਸਵੰਤ ਸਿੰਘ ਜੱਬੋ ਮਾਜਰਾ ਜ਼ਿਲਾ ਲੁਧਿਆਣਾ

ਇਹ ਜੱਬੋ ਮਾਜਰੀਏ ਸਰਦਾਰਾਂ ਵਿਚੋਂ ਹਨ। ਇਹ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਪੁਰਾਣੇ ਵਿਦਿਆਰਥੀ ਹਨ ਅਤੇ ਭਾਈ ਸਾਹਿਬ ਦੇ ਪਟਿਆਲੇ ਵਾਲੇ ਖ਼ਾਸ ਪ੍ਰੇਮੀ ਸੱਜਣਾਂ ਵਿਚੋਂ ਹਨ। ਇਹ ਅੱਜ-ਕਲ੍ਹ ਮਾਡਲ ਟਾਊਨ ਪਟਿਆਲਾ ਅਤੇ ਮਕਾਨ ਨੰ: ੧੪ ਏ ਵਿਚ ਰਹਿੰਦੇ ਹਨ।

## ੫. ਭਾਈ ਅਤਰ ਸਿੰਘ

ਇਹ ਇਲਾਕਾ ਚਕਵਾਲ ਜ਼ਿਲਾ ਜਿਹਲਮ ਦੇ ਰਹਿਣ ਵਾਲੇ ਹਨ। ਇਹ ਪਹਿਲਾਂ ੩੫ ਨੰ: ਪਲਟਣ ਵਿਚ ਨੌਕਰ ਸਨ। ੧੯੧੨ ਈ: ਵਿਚ ਇਹ ਨੌਕਰੀ ਛੱਡ ਕੇ ਭਾਈ ਸਾਹਿਬ ਨਾਲ ਆ ਰਲੇ। ਇਹ ਸਦਾ ਉਨ੍ਹਾਂ ਦੇ ਨਾਲ



Sri Satguru Jagjit Singh Ji eLibrary NamdhariElibrary@gmail.com

ਹੀ ਰਹਿੰਦੇ ਰਹੇ ਤੇ ਨਾਲ ਹੀ ਗ੍ਰਿਫਤਾਰ ਹੋਏ ਅਤੇ ਉਮਰ ਕੈਦ ਹੋਏ, ਪਰ ਫੇਰ ੧੯੨੦ ਈ: ਵਿਚ ਰਿਹਾਅ ਹੋਏ। ਇਹ ਨਾਮ ਬਾਣੀ ਦੇ ਬਹੁਤ ਅਭਿਆਸੀ ਹਨ। ਇਨ੍ਹਾਂ ਦੀ ਉਮਰ ਹੁਣ ਬਿਆਸੀ ਸਾਲ ਦੀ ਹੈ ਅਤੇ ਅੱਜ-ਕਲ੍ਹ ਜੋਧਪੁਰ (ਰਾਜਸਥਾਨ) ਵਿਚ ਰਹਿੰਦੇ ਹਨ।

### ੬. ਭਾਈ ਭਰਪੂਰ ਸਿੰਘ ਨਾਰੰਗਵਾਲ

ਇਹ ਭਾਈ ਸਾਹਿਬ ਦੇ ਬਾਲ-ਸਖਾਈ ਮਿੱਤਰ ਹਨ। ਇਹ ਅਨਹਦ ਸ਼ਬਦ ਦਸਮ ਦੁਆਰ ਦੇ ਬੜੇ ਖੋਜੀ ਹਨ। ਇਨ੍ਹਾਂ ਦੀ ਉਮਰ ਇਸ ਵੇਲੇ ਇਕਾਨਵੇਂ ਬਰਸ ਦੀ ਹੈ।

### ੭. ਗਿਆਨ ਧਿਆਨੀਏ ਸਿੰਘ

ਗਿਆਨੀ ਨਾਹਰ ਸਿੰਘ ਗੁੱਜਰਵਾਲ—

### ੮. ਭਾਈ ਸੁੰਦਰ ਸਿੰਘ ਘੁਮਾਣ ਜ਼ਿਲਾ ਲੁਧਿਆਣਾ

ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਪੁਰਾਣੇ ਵਿਦਿਆਰਥੀ ਹਨ। ਅੰਮ੍ਰਿਤ ਛਕ ਕੇ ਸਰਬ-ਲੋਹੀਏ ਸਿੰਘ ਸਜੇ। ਇਨ੍ਹਾਂ ਦੇ ਪਿਤਾ ਸ: ਭਗਵਾਨ ਸਿੰਘ ਜੀ ਭੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਭਾਈ ਸੁੰਦਰ ਸਿੰਘ ਜੀ ਨੇ ਭਾਈ ਸਾਹਿਬ ਦੇ ਮੁਕੱਦਮੇ ਸਮੇਂ ਬਹੁਤ ਸੇਵਾ ਕੀਤੀ। ਲਾਹੌਰ ਹੀ ਰਹਿੰਦੇ ਰਹੇ। ਉਹ ਬੜਾ ਤਹਿਕ ਦਾ ਸਮਾਂ ਸੀ। ਇਕ ਵਾਰ ਆਪ ਨੂੰ ਮੁਕੱਦਮੇ ਸੰਬੰਧੀ ਪਟਿਆਲੇ ਜਾਣਾ ਪਿਆ, ਜਿਸ ਘਰ ਗਏ ਉਨ੍ਹਾਂ ਨੇ ਪਤਾ ਨਹੀਂ ਕਿਉਂ ਬਾਰ ਨਾ ਖੋਲ੍ਹਿਆ। ਜਿਸ ਕਰਕੇ ਆਪ ਨੂੰ ਸਾਰੀ ਰਾਤ ਮੀਂਹ ਪੈਂਦੇ ਅਤੇ ਠੱਕੇ ਵਗਦੇ ਵਿਚ ਸਟੇਸ਼ਨ ਤੇ ਹੀ ਗੁਜ਼ਾਰਨੀ ਪਈ। ਇਨ੍ਹਾਂ ਨੇ ਭਾਈ ਸਾਹਿਬ ਦੇ ਮੁਕੱਦਮੇ ਦੀ ਪੈਰਵੀ ਵਿਚ ਆਪਣੇ ਕੋਲੋਂ ਹੀ ਖ਼ਰਚ ਕੀਤਾ ਅਤੇ ਛੇ ਮਹੀਨੇ ਲਾਹੌਰ ਹੀ ਰਹੇ। ੧੯੨੩ ਈ: ਤੋਂ ਲੈ ਕੇ ੧੯੩੯ ਈ: ਤਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਇਨ੍ਹਾਂ ਨੇ ਅਕਾਲੀ ਲਹਿਰ ਵਿਚ ਬਹੁਤ ਸੇਵਾ ਕੀਤੀ। ਇਨ੍ਹਾਂ ਨੇ ਸਰਦਾਰ ਮਹਿੰਦਰ ਸਿੰਘ ਸਿੱਧਵਾਂ ਅਤੇ ਪ੍ਰਿੰਸੀਪਲ ਇਕਬਾਲ ਸਿੰਘ ਅਤੇ ਦਾਸ ਨਾਲ ਰਲ ਕੇ ਭਸੌੜ ਵਾਲਿਆਂ ਵਲੋਂ ਗੁਰਬਾਣੀ ਦੇ ਭੰਨ-



Sri Satguru Jagjit Singh Ji eLibrary NamdhariElibrary@gmail.com

ਤੋੜ ਦੇ ਮਾਮਲੇ ਸੰਬੰਧੀ ਪੰਥਕ ਫ਼ੈਸਲਾ ਕਰਾਉਣ ਲਈ ਖ਼ਾਸ ਸੇਵਾ ਕੀਤੀ। ਇਹ ਸਮਾਂ ੧੯੨੭-੨੯ ਈ: ਦਾ ਸੀ। ਇਹ ਕਈ ਬਰਸ ਗੁਰੂ ਹਰਿਗੋਬਿੰਦ ਖਾਲਸਾ ਹਾਈ ਸਕੂਲ ਸਧਾਰ (ਲੁਧਿਆਣਾ) ਦੇ ਸੈਕਟਰੀ ਰਹੇ। ਆਪ ਨੇ ਭਾਈ ਸਾਹਿਬ ਦੇ ਪਰਵਾਰ ਨਾਲ ਜਾ ਕੇ ਨਾਗਪੁਰ ਜੇਲ੍ਹ ਵਿਚ ਭਾਈ ਸਾਹਿਬ ਦੀ ਮੁਲਾਕਾਤ ਭੀ ਕੀਤੀ।

## ੯. ਪ੍ਰਿੰਸੀਪਲ ਇਕਬਾਲ ਸਿੰਘ ਪਿੰਡ ਬੋਪਾਰਾਏ (ਲੁਧਿਆਣਾ)

ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਵਿਚੋਂ ਹਨ। ਆਪ ਨੂੰ ਪੰਥ ਸੇਵਾ ਦਾ ਮੁੱਢ ਤੋਂ ਹੀ ਪ੍ਰੇਮ ਰਿਹਾ ਹੈ। ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਮੁਕੱਦਮਾ ਚਲਦਾ ਸੀ ਤਾਂ ਆਪ ਨੇ ਭਾਈ ਸੁੰਦਰ ਸਿੰਘ ਨਾਲ ਮਿਲ ਕੇ ਮੁਕੱਦਮੇ ਦੀ ਪੈਰਵੀ ਵਿਚ ਖ਼ਾਸ ਹਿੱਸਾ ਲਿਆ ਅਤੇ ੧੯੧੫ ਈ: ਵਿਚ ਬੀ. ਏ. ਦੀ ਪੜ੍ਹਾਈ ਭੀ ਵਿਚਕਾਰ ਹੀ ਛਡੀ। ਫੇਰ ਜਦ ਭਾਈ ਸਾਹਿਬ ਜੀ ਦੀ ਮੁਲਤਾਨ ਜੇਲ੍ਹ ਭੁੱਖ ਹੜਤਾਲ ਸੀ ਤਾਂ ਆਪ ਭਾਈ ਸੁੰਦਰ ਸਿੰਘ ਘੁਮਾਣ ਅਤੇ ਭਾਈ ਮਹਿਤਾਬ ਸਿੰਘ ਅਕਾਲ ਗੜ੍ਹ ਸਮੇਤ ਮੁਲਤਾਨ ਪਹੁੰਚੇ, ਉਸ ਬਿਪਤਾ ਦੇ ਸਮੇਂ ਭਾਈ ਸਾਹਿਬ ਜੀ ਦੀ ਸੁਰਤ ਸੰਭਾਲ ਰਖਦੇ ਰਹੇ। ਇਹ ਜ਼ਿਕਰ ਜੇਲ੍ਹ ਚਿੱਠੀਆਂ ਵਿਚ ਆ ਚੁਕਿਆ ਹੈ। ਆਪ ਨੇ ਅਕਾਲੀ ਲਹਿਰ ਸਮੇਂ ਭੀ ਸੇਵਾ ਕੀਤੀ ਅਤੇ ਸ਼੍ਰੋਮਣੀ ਕਮੇਟੀ ਦੇ ਕਈ ਸਾਲ ਮੈਂਬਰ ਭੀ ਰਹੇ। ਆਪ ਨੇ ਕਈ ਖਾਲਸਾ ਸਕੂਲਾਂ ਵਿਚ ਬਤੌਰ ਹੈੱਡ-ਮਾਸਟਰ ਸੇਵਾ ਕੀਤੀ, ਜਿਹਾ ਕਿ ਬਾਬਾ ਬਕਾਲਾ, ਬੱਡੋਂ ਜ਼ਿਲਾ ਹੁਸ਼ਿਆਰਪੁਰ, ਖਾਲਸਾ ਸਕੂਲ ਮੁਕਤਸਰ, ਮਾਲਵਾ ਖਾਲਸਾ ਸਕੂਲ ਲੁਧਿਆਣਾ ਅਤੇ ਗੁਰੂ ਹਰਿਗੋਬਿੰਦ ਖਾਲਸਾ ਹਾਈ ਸਕੂਲ ਗੁਰੂ ਸਰ ਸਧਾਰ। ਸਧਾਰ ਆ ਕੇ ਆਪ ਨੇ ਉਦਮ ਧਾਰਿਆ ਅਤੇ ਇਲਾਕੇ ਦੇ ਲੋਕਾਂ ਨੂੰ ਪ੍ਰੇਰਨਾ ਕਰ ਕੇ ਤੇ ਉਨ੍ਹਾਂ ਦੀ ਸਹਾਇਤਾ ਨਾਲ ਖਾਲਸਾ ਕਾਲਜ ਗੁਰੂ ਸਰ ਸਧਾਰ ਦਾ ਬਾਨ੍ਹਣੂ ਬੰਨ੍ਹਿਆ। ਇਹ ਕਾਲਜ ੨੭ ਅਪਰੈਲ ੧੯੪੭ ਨੂੰ ਜਾਰੀ ਹੋਇਆ, ਜੋ ਹੁਣ ਮੁਕੰਮਲ ਸ਼ਕਲ ਵਿਚ ਚਲ ਰਹਿਆ ਹੈ। ਆਪ ੧੯੫੨ ਈ: ਤੋਂ ੧੯੫੭ ਈ: ਤਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਭੀ ਰਹੇ। ਅੱਜ-ਕਲ੍ਹ ਆਪ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਦੇ ਇਨਚਾਰਜ ਹਨ।



Sri Satguru Jagjit Singh Ji eLibrary NamdhariElibrary@gmail.com

## ੧੦. ਸ: ਧਰਮ ਸਿੰਘ ਹੈੱਡ-ਮਾਸਟਰ ਫੱਲੇਵਾਲ

ਆਪ ਮਿਸ਼ਨ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀ ਤੇ ਖਾਲਸਾ ਯੰਗਮੈਨ ਲੀਗ (ਭੁਜੰਗੀ ਸਭਾ) ਲੁਧਿਆਣਾ ਦੇ ਖ਼ਾਸ ਰੁਕਨ ਸਨ। ਇਹ ਗੁਰੂ ਘਰ ਦੇ ਬੜੇ ਪ੍ਰੇਮੀ ਅਤੇ ਭਾਈ ਸਾਹਿਬ ਦੇ ਨਿਕਟਵਰਤੀ ਸਨ। ਇਹ ਭਾਈ ਸਾਹਿਬ ਜੀ ਦੀ ਸੇਵਾ ਸਹਾਇਤਾ ਕਰਦੇ ਰਹੇ। ਆਪ ਨੇਂ ਅਕਾਲੀ ਲਹਿਰ ਵਿਚ ਡਟ ਕੇ ਸੇਵਾ ਕੀਤੀ। ਇਹ ੧੯੨੦ ਈ: ਤੋਂ ਲੈ ਕੇ ੧੯੩੦ ਈ: ਤਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਆਪ ਖਾਲਸਾ ਹਾਈ ਸਕੂਲ ਕੁਰਾਲੀ, ਲੁਧਿਆਣਾ ਅਤੇ ਗੁਰੂ ਸਰ ਸਧਾਰ ਵਿਚ ਹੈੱਡ-ਮਾਸਟਰ ਰਹੇ। ਆਪ ਦੇ ਘਰ ਵਾਲੀ ਬੀਬੀ ਦਾ ਨਾਮ ਤੇਜ ਕੌਰ ਹੈ। ਅਫ਼ਸੋਸ ਕਿ ਆਪ ੧੯੬੨ ਈ: ਵਿਚ ਚਲਾਣਾ ਕਰ ਗਏ। ਆਪ ਨੇ ਫੱਲੇਵਾਲ ਨੂੰ ਛਡ ਕੇ ਲੁਧਿਆਣੇ ਰਿਹਾਇਸ਼ ਅਖ਼ਤਿਆਰ ਕਰ ਲਈ ਸੀ। ਆਪ ਦੇ ਸਪੁੱਤਰ ਪ੍ਰੋਫ਼ੈਸਰ ਬੇਅੰਤ ਸਿੰਘ ਜਥੇ ਦੇ ਬੜੇ ਪ੍ਰੇਮੀ ਸੱਜਣ ਹਨ।

ਬੰਦ ਨੰ: ੩੩੩ ਵਿਚ ਫੱਲੇਵਾਲ ਦੇ ਭਾਈ ਗੁਰਬਖਸ਼ ਸਿੰਘ ਦਾ ਨਾਮ ਆਉਂਦਾ ਹੈ। ਏਹ ਹੁਣ ਯਾਦ ਨਹੀਂ ਕਿ ਕੇਹੜੇ ਸਿੰਘ ਸਨ।

## ੧੧. ਸਰਵਣ ਸਿੰਘ ਨੰਬਰਦਾਰ ਫੱਲੇਵਾਲ

ਆਪ ਦਾ ਪੂਰਾ ਹਾਲ 'ਰੰਗਲੇ ਸੱਜਣ' ਪੁਸਤਕ ਵਿਚ ਦਰਜ ਹੈ, ਉਥੋਂ ਪੜ੍ਹੋ।

## ੧੨. ਵਰਿਆਮ ਸਿੰਘ ਫੱਲੇਵਾਲ

ਆਪ ਜਥੇ ਪੂਰਾ ਦੇ ਪ੍ਰੇਮੀ ਸੱਜਣਾਂ ਵਿਚੋਂ ਸਨ। ੩੫ ਨੰ: ਸਿੱਖ ਪਲਟਣ ਵਿਚੋਂ ਪੈਨਸ਼ਨ ਆਏ ਸਨ। ਆਪ ਜੈਤੋ ਦੇ ਮੋਰਚੇ ਸਮੇਂ ਦੂਜੇ ਸ਼ਹੀਦੀ ਜਥੇ ਵਿਚ ਕੈਦ ਹੋਏ ਸਨ। ਆਪ ਦੀ ਪੈਨਸ਼ਨ ਭੀ ਜ਼ਬਤ ਹੋ ਗਈ ਸੀ। ਕੁਝ ਸਾਲ ਹੋਏ ਆਪ ਚਲਾਣਾ ਕਰ ਗਏ ਹਨ।

## ੧੩. ਸ: ਜੋਗਿੰਦਰ ਸਿੰਘ ਪਟਿਆਲਾ

ਇਨ੍ਹਾਂ ਦਾ ਅਸਲੀ ਪਿੰਡ ਰਾਇਪੁਰ ਜ਼ਿਲਾ ਲੁਧਿਆਣਾ ਹੈ। ਪਟਿਆਲੇ



Sri Satguru Jagjit Singh Ji eLibrary NamdhariElibrary@gmail.com

ਆਪ ਮਹਿਕਮਾ ਅਕਾਊਂਟੈਂਟ ਦੇ ਦਫ਼ਤਰ ਵਿਚ ਸੁਪ੍ਰਿੰਟੈਂਡੈਂਟ ਸਨ। ਆਪ ਦੇ ਘਰ ਵਾਲੀ ਬੀਬੀ ਦਾ ਨਾਮ ਹਰਿਬੰਸ ਕੌਰ ਸੀ। ਸਰਦਾਰ ਸਾਹਿਬ ੧੯੩੬ ਈ: ਵਿਚ ਚਲਾਣਾ ਕਰ ਗਏ ਸਨ। ਇਨ੍ਹਾਂ ਦਾ ਪੂਰਾ ਹਾਲ 'ਰੰਗਲੇ ਸੱਜਣ' 'ਪੁਸਤਕ ਵਿਚ ਦਰਜ ਹੈ, ਇਸ ਲਈ ਦੁਬਾਰੇ ਨਹੀਂ ਲਿਖਿਆ ਗਿਆ।

## ੧੪. ਭਾਈ ਸੁਰਜਨ ਸਿੰਘ ਜੀ ਅਤੇ ਸ੍ਰੀ ਮਤੀ ਜੋਗਿੰਦਰ ਕੌਰ

ਭਾਈ ਸੁਰਜਨ ਸਿੰਘ ਦਾ ਪਿੰਡ ਗੁਜਰਵਾਲ ਹੈ। ਆਪ ਜਥੇ ਦੇ ਪੁਰਾਣੇ ਸਿੰਘ ਹਨ। ਆਪ ਦੂਜੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਭਾਈ ਸਾਹਿਬ ਨਾਲ ਹੀ ਕੈਦ ਹੋਏ। ੧੯੨੦ ਈ: ਵਿਚ ਰਿਹਾਅ ਹੋਏ। ਫੇਰ ਇਹ ਅਕਾਲੀ ਲਹਿਰ ਸਮੇਂ ਦੂਜੇ ਸ਼ਹੀਦੀ ਜਥੇ ਵਿਚ ਜੈਤੋ ਦੇ ਮੋਰਚੇ ਸਮੇਂ ਗਏ। ਜਦ ਇਹ ਜੇਲ੍ਹ ਵਿਚ ਸਨ ਤਾਂ ਆਪ ਦੇ ਘਰੋਂ ਬੇਬੇ ਜੋਗਿੰਦਰ ਕੌਰ ਅਤੇ ਆਪ ਦਾ ਭੁਝੰਗੀ ਅਕਤੂਬਰ ੧੯੨੧ ਈ: ਵਿਚ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਹੋਰ ਸਮਾਚਾਰ ਪੜ੍ਹਨ ਲਈ ਦੇਖੋ 'ਰੰਗਲੇ ਸੱਜਣ'।

## ੧੫. ਭਾਈ ਹਰਿਬੰਸ ਸਿੰਘ ਪਿੰਡ ਮਹਿਮਾ ਸਿੰਘ ਵਾਲਾ

ਆਪ ਭਾਈ ਸਾਹਿਬ ਦੇ ਨਿਕਟਵਰਤੀ ਸੱਜਣ ਸਨ। ਇਹ ਸਾਰੀ ਉਮਰ ਬਿਰੱਕਤ ਹੀ ਰਹੇ। ਬਹੁਤ ਬਰਸ ਹੋਏ ਆਪ ਚਲਾਣਾ ਕਰ ਚੁਕੇ ਹਨ।

## ੧੬. ਬਾਬੂ ਮੱਲ ਸਿੰਘ ਜੀ ਸਰਲੀ ਜ਼ਿਲਾ ਅੰਮ੍ਰਿਤਸਰ

ਆਪ ੧੯੧੦ ਈ: ਵਿਚ ਫ਼ਤਹ ਗੜ੍ਹ ਸਾਹਿਬ ਦੇ ਸ਼ਹੀਦੀ ਦੀਵਾਨ ਸਮੇਂ ਭਾਈ ਸਾਹਿਬ ਦੇ ਪ੍ਰੇਮੀ ਬਣੇ। ਇਨ੍ਹਾਂ ਦੇ ਘਰ ਵਾਲੀ ਦਾ ਨਾਮ ਬੇਬੇ ਨਿਹਾਲ ਕੌਰ ਹੈ। ਆਪ ੧੯੧੦ ਤੋਂ ਭਾਈ ਸਾਹਿਬ ਦੇ ਨਾਲ ਲਗਾਤਾਰ ਪ੍ਰੇਮ ਨਿਭਾਉਂਦੇ ਰਹੇ ਹਨ। ਭਾਈ ਸਾਹਿਬ ਦੇ ਮੁਕੱਦਮੇ ਸਮੇਂ ਆਪ ਜੰਗ ਜਰਮਨੀ ਦੇ ਸੰਬੰਧ ਵਿਚ ਫ਼ਰਾਂਸ ਵਿਚ ਸਨ। ੩੬੬ ਰਸਾਲੇ ਵਿਚੋਂ ਪੈਨਸ਼ਨ ਆ ਕੇ ਆਪ ਨੇ ਅਖੰਡ ਪਾਠਾਂ ਦਾ ਅਤੇ ਅੰਮ੍ਰਿਤ ਪ੍ਰਚਾਰ ਦਾ ਸਿਲਸਿਲਾ ਜਾਰੀ ਰਖਿਆ। ਭਾਈ ਸਾਹਿਬ ਦੇ ਰਿਹਾਅ ਹੋ ਕੇ ਆਉਣ ਪਿਛੋਂ ਆਪ ਉਨ੍ਹਾਂ ਦੇ ਨਾਲ ਹੀ ਰਹਿੰਦੇ ਰਹੇ। ਅੱਜ-ਕਲ੍ਹ ਤਰਨ ਤਾਰਨ ਰਹਿੰਦੇ ਹਨ। ਆਪ ਦੀ



Sri Satguru Jagjit Singh Ji eLibrary NamdhariElibrary@gmail.com

ਉਮਰ ਇਸ ਵੇਲੇ ੮੫ ਸਾਲ ਦੀ ਹੈ। ਆਪ ਦੇ ਲੜਕੇ ਚੰਗੇ ਅਫ਼ਸਰੀ ਅਹੁਦਿਆਂ ਉਤੇ ਹਨ। ਆਪ ਦਾ ਜ਼ਿਕਰ 'ਜੇਲ੍ਹ ਚਿੱਠੀਆਂ' ਅਤੇ 'ਰੰਗਲੇ ਸੱਜਣ' ਵਿਚ ਆਉਂਦਾ ਹੈ। ਇਸ ਲਈ ਵਧੇਰੇ ਨਹੀਂ ਲਿਖਿਆ।

## ੧੭. ਕਰਨਲ ਪਿਆਰਾ ਸਿੰਘ

ਆਪ ਦਾ ਅਸਲੀ ਸ਼ਹਿਰ ਸਿਆਲਕੋਟ ਹੈ, ਪਰ ਦੇਸ਼ ਦੀ ਵੰਡ ਪਿਛੋਂ ਆਪ ਨੇ ਆਪਣੀ ਰਿਹਾਇਸ਼ ਜੈਪੁਰ (ਰਾਜਸਥਾਨ) ਵਿਚ ਕਰ ਲਈ ਹੈ। ਆਪ ਬਾਬੂ ਮੱਲ ਸਿੰਘ ਜੀ ਦੇ ਪੁਰਾਣੇ ਫ਼ੌਜੀ ਸਾਥੀ ਹਨ। ਆਪ ਦੀ ਉਮਰ ਇਸ ਵੇਲੇ ੮੨ ਸਾਲ ਤੋਂ ਉਪਰ ਹੀ ਹੋਵੇਗੀ। ਆਪ ਦਾ ਜ਼ਿਕਰ 'ਰੰਗਲੇ ਸੱਜਣ' ਵਿਚ ਆਉਂਦਾ ਹੈ।

## ੧੮. ਸੂਬੇਦਾਰ ਹਰਿਬਚਨ ਸਿੰਘ

ਆਪ ਬੜੇ ਹੀ ਉਚ ਅਵਸਥਾ ਵਾਲੇ ਸਿੰਘ ਸਨ। ਆਪ ੬੬ ਨੰ: ਪਲਟਣ ਵਿਚ ਨੌਕਰ ਸਨ। ਆਪ ਦਾ ਹਾਲ ਭਾਈ ਸਾਹਿਬ ਨੇ 'ਰੰਗਲੇ ਸੱਜਣ' ਵਿਚ ਲਿਖਿਆ ਹੈ। ਆਪ ਦਾ 'ਜੇਲ੍ਹ ਚਿੱਠੀਆਂ' ਵਿਚ ਭੀ ਜ਼ਿਕਰ ਆਉਂਦਾ ਹੈ। ਬਹੁਤ ਬਰਸ ਹੋਏ ਆਪ ਚਲਾਣਾ ਕਰ ਚੁਕੇ ਹਨ। ਆਪ ਦੀ ਆਤਮ-ਅਵਸਥਾ ਬਾਰੇ ਭਾਈ ਮਸਤਾਨ ਸਿੰਘ ਜੀ ਪਿੰਡ ਫੁਲਾਂਵਾਲ ਜ਼ਿਲਾ ਲੁਧਿਆਣਾ ਨੇ ਪੁਸਤਕ ਫ਼ੌਜੀ ਸੂਰਬੀਰ ਵਿਚ ਹੇਠ-ਲਿਖੀ ਕਵਿਤਾ ਲਿਖੀ ਹੈ। ਇਹ ਪੁਸਤਕ ੧੯੧੪-੧੫ ਦੇ ਜੰਗ ਯੂਰਪ ਸੰਬੰਧੀ ਫ਼ਰਾਂਸ ਦੇ ਕੋਤਲ ਅਮਾਰਾ ਦੇ ਮੋਰਚਿਆਂ ਬਾਰੇ ਹੈ। ਆਪ ਭਾਈ ਮਸਤਾਨ ਸਿੰਘ ਜੀ ਅੱਜ-ਕਲ੍ਹ ਬਾੜੇਵਾਲ ਜ਼ਿਲਾ ਲੁਧਿਆਣਾ ਵਿਚ ਰਹਿੰਦੇ ਹਨ।

### ਬੈਂਤ

ਸੋਹਣੇ ਸਿਖ ਗੁਰੂ ਚਰਨਾਂ ਦੇ ਪਿਆਰ ਵਾਲੇ,
ਨਾਉਂ ਹਰਿਬਚਨ ਸਿੰਘ ਆਖ ਬੁਲਾਉਂਦੇ ਸੀ।
ਜਪੀ ਤਪੀ ਤੇ ਸਿਦਕ ਭਰੋਸੇ ਵਾਲੇ,
ਕੀਰਤਨ ਹਰੀ ਭਗਵਾਨ ਦਾ ਗਾਉਂਦੇ ਸੀ।



Sri Satguru Jagjit Singh Ji eLibrary NamdhariElibrary@gmail.com

ਸਾਡੀ ਫ਼ੌਜ ਦੇ ਹੈੱਡ ਕਲਰਕ ਸਨ ਉਹ,
ਸੋਹਣਾ ਦਫ਼ਤਰ ਦਾ ਕੰਮ ਚਲਾਉਂਦੇ ਸੀ।
ਪਿੰਡ ਗੁਰੂ ਜੰਡਿਆਲਾ ਸੀ ਸੋਹਣਿਆਂ ਦਾ,
ਜ਼ਿਲੇ ਅੰਮ੍ਰਿਤਸਰ ਅੰਦਰ ਸੋਭਾ ਪਾਉਂਦੇ ਸੀ।
ਖ਼ਾਨਦਾਨੀ ਦੇ ਉਹ ਸਰਦਾਰ ਬਾਂਕੇ,
ਭਾਈਆਂ ਦੇ ਭਾਈ ਸਦਾਉਂਦੇ ਸੀ।
ਏਹ ਰੈਂਕ ਡਰੈਕਟਰੀ ਆਣ ਲਗੇ,
ਮਾਣ ਤਾਣ ਨਾ ਜਗ ਦਿਖਾਉਂਦੇ ਸੀ।
ਹੋਰ ਭਾਈ ਸਾਰੇ ਲਗੇ ਪੁਲਸ ਅੰਦਰ,
ਅਫ਼ਸਰ ਵਡੇ ਤੋਂ ਵਡੇ ਸਦਵਾਉਂਦੇ ਸੀ।
ਭਾਵੇਂ ਕਰਨ ਕੀਰਤਨ ਭਾਵੇਂ ਸੁਣਨ ਕੀਰਤਨ,
ਬੈਠ ਚੌਂਕੜਾ ਜਦੋਂ ਜਮਾਉਂਦੇ ਸੀ—
ਸੁਰਤ ਫ਼ੌਰਨ ਕਰਤਾਰ ਦੇ ਨਾਲ ਜੁੜਦੀ,
ਝੱਟ ਆਪਣਾ ਆਪ ਭੁਲਾਉਂਦੇ ਸੀ।
ਦਾਨੀ ਐਸੇ ਮੈਂ ਸਿਫ਼ਤ ਕੀ ਕਰਾਂ ਵੀਰੋ,
ਸਿਖਾਂ ਸੰਤਾਂ ਨੂੰ ਛੱਕ ਛਕਾਉਂਦੇ ਸੀ।
ਨੰਗਾ ਭੁਖਾ ਜੇ ਰੱਬ ਦਾ ਆਏ ਬੰਦਾ,
ਤਨ ਤੋਂ ਕਪੜੇ ਖੋਲ੍ਹ ਪਹਿਨਾਉਂਦੇ ਸੀ।
ਰੱਬੀ ਸਿਫ਼ਤਾਂ ਜੇ ਖੋਲ੍ਹ ਕੇ ਲਿਖਾਂ ਏਥੇ,
ਸਿਆਹੀ ਕਾਗਜ਼ਾਂ ਅੰਤ ਨਾ ਆਉਂਦੇ ਸੀ।
ਭਾਰੀ ਸਜੇ ਦੀਵਾਨ ਜੋ ਖਾਲਸੇ ਦਾ,
ਸਾਫ਼ ਕਰਨ ਜੋੜੇ ਚਿਤ ਲਾਉਂਦੇ ਸੀ।
ਫੇਰ ਉਥੇ ਹੀ ਚੌਂਕੜਾ ਲਾ ਬਹਿੰਦੇ,
ਨੈਣ ਮੀਟ ਕੇ ਬਿਰਤ ਟਿਕਾਉਂਦੇ ਸੀ।
ਦਾੜ੍ਹਾ ਬਰਫ਼ ਸੁਫ਼ੈਦ ਤੇ ਨੂਰੀ ਚੇਹਰਾ,
ਪੱਥਰ-ਦਿਲਾਂ ਉਤੇ ਅਸਰ ਪਾਉਂਦੇ ਸੀ।
ਬੰਨੂ ਟਾਂਕ ਕੋਹਾਟ ਪਠਾਣ ਬਚੇ,
ਸਭੇ ਚਰਨਾਂ ਤੇ ਸੀਸ ਝੁਕਾਉਂਦੇ ਸੀ।



Sri Satguru Jagjit Singh Ji eLibrary NamdhariElibrary@gmail.com

## ੧੯. ਭਾਈ ਸੁੰਦਰ ਸਿੰਘ ਜੀ ਪਿੰਡ ਖੰਜਰਵਾਲ

ਆਪ ਭਾਈ ਸਾਹਿਬ ਦੇ ਪੁਰਾਣੇ ਪ੍ਰੇਮੀ ਸੱਜਣ ਸਨ। ਉਹ ਬੜੇ ਭਾਰੇ ਅਖੰਡ ਪਾਠੀ ਸਨ। ਉਹ ਭੱਟਾਂ ਦੇ ਸਵਈਆਂ ਦਾ ਪਾਠ ਛੰਦਾਂ ਦੀ ਚਾਲ ਅਨੁਸਾਰ ਬੜੀ ਲੈ ਅਤੇ ਸੁਰ ਵਿਚ ਕਰਿਆ ਕਰਦੇ ਸਨ। ਭੱਟਾਂ ਦੇ ਸਵਈਆਂ ਦੇ ਪਾਠ ਦੀ ਚਾਲ ਦਾਸ ਨੇ ਉਨ੍ਹਾਂ ਤੋਂ ਹੀ ਸਿਖੀ ਹੈ। ਪਿਛੋਂ ਆਪ ਲੋਹਟਬੱਦੀ ਜਾ ਰਹੇ ਸਨ ਤੇ ਉਥੇ ਹੀ ਚਲਾਣਾ ਕਰ ਗਏ। ਉਹ ਭਾਈ ਸਾਹਿਬ ਨੂੰ ਜੇਲ੍ਹ ਯਾਤਰਾ ਤੋਂ ਰਿਹਾਈ ਪਿਛੋਂ ਬੜੇ ਪ੍ਰੇਮ ਨਾਲ ਮਿਲੇ ਸਨ।

ਬੰਦ ਨੰ: ੩੪੭-੪੮ ਵਿਚ ਭਾਈ ਸਾਹਿਬ ਨੇ ਦਸਿਆ ਹੈ ਕਿ ਫੱਲੇਵਾਲ ਦੇ ਭਾਈ ਸਰਵਣ ਸਿੰਘ ਅਤੇ ਭਾਈ ਵਰਿਆਮ ਸਿੰਘ ਬੜੀ ਮਸਤ ਦਸ਼ਾ ਵਿਚ ਹੋ ਗੁਜ਼ਰੇ ਹਨ। ਇਨ੍ਹਾਂ ਨੂੰ ਸਿੰਘ ਬਾਵਰੇ ਕਹਿਣ ਲਗ ਪਏ ਸਨ। ਭਾਈ ਸਾਹਿਬ ਨੇ ਇਹ ਭੀ ਦਸਿਆ ਹੈ ਕਿ ਭਾਈ ਸਰਵਣ ਸਿੰਘ ਜੀ ਇਕ ਵਾਰ ਕਾਂਪ ਖਾ ਕੇ ਢਹਿੰਦੀ ਕਲਾ ਵਿਚ ਹੋ ਗਏ ਸਨ। ਇਹ ਸਾਰਾ ਹਾਲ 'ਰੰਗਲੇ ਸੱਜਣ' ਵਿਚ ਦਰਜ ਹੈ।

## ੨੦. ਮਾਸਟਰ ਨਿਰੰਜਨ ਸਿੰਘ ਨਾਰੰਗਵਾਲ

ਆਪ ਭਾਈ ਸਾਹਿਬ ਦੇ ਮੁਢਲੇ ਸਮੇਂ ਦੇ ਪ੍ਰੇਮੀ ਸਨ। ਉਹ ਸਾਰੀ ਉਮਰ ਸਕੂਲਾਂ ਵਿਚ ਬਤੌਰ ਟੀਚਰ ਕੰਮ ਕਰਦੇ ਰਹੇ। ਬਹੁਤ ਬਰਸ ਹੋਏ ਆਪ ਚਲਾਣਾ ਕਰ ਗਏ ਸਨ। ਆਪ ਬੜੇ ਕੀਰਤਨੀਏ ਸਨ।

## ੨੧. ਭਾਈ ਰਾਜਿੰਦਰ ਸਿੰਘ ਗਾਰਡ ਪਿੰਡ ਬੁਟਾਰੀ ਜ਼ਿਲਾ ਲੁਧਿਆਣਾ

ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਪੁਰਾਣੇ ਵਿਦਿਆਰਥੀ ਸਨ। ਉਨ੍ਹਾਂ ਨੇ ਸਕੂਲ-ਸਮਾਗਮਾਂ ਵਿਚ ਹੀ ਅੰਮ੍ਰਿਤ ਛਕਿਆ ਸੀ। ਇਕ ਵਾਰ ਆਪ ਨਾਮ ਦੀ ਪ੍ਰੇਮ-ਰੰਗਣ ਵਾਲੀ ਮਸਤ ਅਵਸਥਾ ਵਿਚ ਜਾ ਚੁਕੇ ਸਨ। ਇਹ ਇਕ ਅਜੀਬ ਕਹਾਣੀ ਹੈ, ਜੋ ਲਿਖੀ ਨਹੀਂ ਜਾ ਸਕਦੀ। ਆਪ ਅੱਜ-ਕਲ੍ਹ ਲੁਧਿਆਣੇ ਰਹਿੰਦੇ ਹਨ।



Sri Satguru Jagjit Singh Ji eLibrary NamdhariElibrary@gmail.com

## ੨੨. ਮਹਾਤਮਾ ਅਰਜਨ ਸਿੰਘ ਪਿੰਡ ਪੰਜੋਖਰਾ (ਅੰਬਾਲਾ)

ਆਪ ਭੂਰੀ ਵਾਲੇ ਸੰਤ ਕਰਕੇ ਪ੍ਰਸਿਧ ਸਨ। ਉਹ ਬੜੇ ਵੈਰਾਗੀ ਤਿਆਗੀ ਸਨ। ਇਨ੍ਹਾਂ ਨੇ ਗੁਰਦੁਆਰਾ ਦੂਖ ਨਿਵਾਰਨ ਪਟਿਆਲੇ ਦੀ ਸੇਵਾ ਕੀਤੀ। ਬਹੁਤ ਬਰਸ ਹੋਏ ਆਪ ਚਲਾਣਾ ਕਰ ਚੁਕੇ ਹਨ। ਆਪ ਦਾ ਸਾਰਾ ਹਾਲ 'ਰੰਗਲੇ ਸੱਜਣ' ਵਿਚ ਦਰਜ ਹੈ।

## ੨੩. ਭਾਈ ਹੀਰਾ ਸਿੰਘ ਪਿੰਡ ਦਾਊਦਪੁਰ

ਆਪ ਬੜੇ ਪ੍ਰੇਮੀ ਸੱਜਣ ਸਨ। ਬਹੁਤ ਬਰਸ ਹੋਏ ਉਹ ਚਲਾਣਾ ਕਰ ਚੁਕੇ ਹਨ। ਉਨ੍ਹਾਂ ਦਾ ਪੂਰਾ ਹਾਲ ਪੁਸਤਕ 'ਰੰਗਲੇ ਸੱਜਣ' ਵਿਚ ਪੜ੍ਹੋ।

## ੨੪. ਭਾਈ ਪੂਰਨ ਸਿੰਘ ਜਨੇਤ ਪੁਰਾ ਜ਼ਿਲਾ ਲੁਧਿਆਣਾ

ਆਪ ਮਾਲਵਾ ਖਾਲਸਾ ਸਕੂਲ ਲੁਧਿਆਣੇ ਦੇ ਵਿਦਿਆਰਥੀ ਸਨ। ਉਥੇ ਹੀ ਅੰਮ੍ਰਿਤ ਛਕ ਕੇ ਆਪ ਸਰਬ ਲੋਹੀਏ ਬਣ ਗਏ। ਫੇਰ ਸਕੂਲ ਛਡ ਕੇ ਟਾਪੂਆਂ ਨੂੰ ਚਲੇ ਗਏ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਵਿਚ ਸ਼ਾਮਲ ਹੋਏ। ਉਹ ਜਹਾਜ਼ ਦੇ ਸਟੋਰ-ਕੀਪਰ ਰਹੇ। ਜਦ ਜਹਾਜ਼ ਵਾਪਸ ਕਲਕੱਤੇ ਆਇਆ ਤੇ ੨੯ ਸਤੰਬਰ, ੧੯੧੪ ਈ: ਨੂੰ ਇਸ ਜਹਾਜ਼ ਉਪਰ ਗੋਲੀ ਚਲੀ, ੨੦ ਮੁਸਾਫ਼ਰ ਮਰੇ, ਬਾਕੀ ਦੇ ਭੱਜ ਗਏ ਅਤੇ ਪਿਛੋਂ ਉਹ ਫੜੇ ਗਏ, ਉਸ ਸਮੇਂ ਆਪ ਭੀ ਦੂਜੇ ਸਾਥੀਆਂ ਸਣੇ ਫੜੇ ਗਏ। ਉਹ ਦੋ ਸਾਲ ਜੇਲ੍ਹ ਵਿਚ ਨਜ਼ਰਬੰਦ ਰਹੇ। ਅੱਜ-ਕੱਲ੍ਹ ਆਪ ਜਨੇਤਪੁਰੇ ਰਹਿੰਦੇ ਹਨ। ਆਪ ਦੇ ਭਰਾ ਡਾਕਟਰ ਕਰਤਾਰ ਸਿੰਘ ਜੀ ਭੀ ਜਥੇ ਦੇ ਸਿੰਘਾਂ ਦੇ ਪ੍ਰੇਮੀ ਸੱਜਣ ਹਨ।

## ੨੫. ਸ: ਬਖਸ਼ੀਸ਼ ਸਿੰਘ ਬਾਰ ਵਾਲੇ

ਜਥੇਦਾਰ ਬਖਸ਼ੀਸ਼ ਸਿੰਘ ਚੱਕ ਰਸਿਆਣਾ ਜ਼ਿਲਾ ਲਾਇਲਪੁਰ ਦੇ ਰਹਿਣ ਵਾਲੇ ਹਨ। ਉਹ ਅੱਜ-ਕੱਲ੍ਹ ਜ਼ਿਲਾ ਹੁਸ਼ਿਆਰਪੁਰ ਵਿਚ ਬੈਠੇ ਹਨ। ਆਪ ਬੜੇ ਪਰਉਪਕਾਰੀ ਤੇ ਸੇਵਾ ਭਾਵ ਵਾਲੇ ਹਨ। ੧੯੧੬ ਈ: ਵਿਚ ਜਦ ਮੁਲਤਾਨ ਜੇਲ੍ਹ ਵਿਚ ਭਾਈ ਸਾਹਿਬ ਜੀ ਦੀ ਭੁਖ ਹੜਤਾਲ ਸੀ ਤਦ ਆਪ ਨੇ ਭਾਈ ਸੁੰਦਰ ਸਿੰਘ ਘੁਮਾਣ, ਪ੍ਰਿੰਸੀਪਲ ਇਕਬਾਲ ਸਿੰਘ, ਸ:



Sri Satguru Jagjit Singh Ji eLibrary NamdhariElibrary@gmail.com

ਮਹਿਤਾਬ ਸਿੰਘ ਅਕਾਲ ਗੜ੍ਹ ਤੇ ਦਫ਼ੇਦਾਰ ਹਰਨਾਮ ਸਿੰਘ ਨਾਰੰਗਵਾਲ ਨਾਲ ਮਿਲ ਕੇ ਬੜੀ ਸੇਵਾ ਕੀਤੀ।

**੨੬. ਚੱਕ ੫੨ ਜ਼ਿਲਾ ਲਾਇਲਪੁਰ ਦੇ ਹੇਠ-ਲਿਖੇ ਸਿੰਘ ਸਰਬ ਲੋਹੀਏ ਸਨ**

ਗੁਰਮੁਖ ਸਿੰਘ, ਭਰਪੂਰ ਸਿੰਘ, ਜਵਾਹਰ ਸਿੰਘ ਅਤੇ ਧਰਮ ਸਿੰਘ।

ਆਤਮਾ ਸਿੰਘ ਮੋਗਾ, ਬਾਬਾ ਰਾਮ ਸਿੰਘ ਫੱਲੇਵਾਲ, ਭਾਈ ਅਤਰ ਸਿੰਘ ਚੱਕਵਾਲ ਵਾਲੇ, ਦਲੀਪ ਸਿੰਘ ਫੁਲਾਂਵਾਲ ਵਾਲੇ, ਇਹ ਭੀ ਸਰਬ ਲੋਹੀਏ ਸਨ।

**੨੭. ਭਾਈ ਸੰਤਾ ਸਿੰਘ ਦੁਆਬੀਆ**

ਆਪ ਪਿੰਡ ਮੁਸਾਪੁਰ (ਦੁਆਬੇ) ਦੇ ਰਹਿਣ ਵਾਲੇ ਹਨ। ਕਟਾਣੀ ਵਾਲੇ ਭਾਈ ਹੁਕਮਾ ਸਿੰਘ ਉਪਦੇਸ਼ਕ ਦੇ ਭਾਣਜੇ ਹਨ। ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਵਿਚ ਪੜ੍ਹਿਆ ਕਰਦੇ ਸਨ। ਆਪ ਅੰਮ੍ਰਿਤ ਛਕ ਕੇ ਸਰਬ ਲੋਹੀਏ ਬਣ ਗਏ ਸਨ। ਉਹ ਅੱਜ-ਕੱਲ੍ਹ ਆਪਣੇ ਪਿੰਡ ਹੀ ਰਹਿੰਦੇ ਹਨ।

**੨੮. ਭਾਈ ਲਾਲ ਸਿੰਘ ਨਾਰੰਗਵਾਲ**

ਇਹ ਭਾਈ ਸਾਹਿਬ ਦੇ ਗਵਾਂਢੀ ਹਨ। ਜੇਲ੍ਹ ਜਾਣ ਤਕ ਇਹਨਾਂ ਨੇ ਸਰਬ ਲੋਹ ਨਿਭਾਇਆ। ਇਹ ਦਸ ਸਾਲ ਕੈਦ ਕਟ ਕੇ ਰਿਹਾਅ ਹੋਏ ਅਤੇ ਅੱਜ-ਕੱਲ੍ਹ ਜ਼ਿਲਾ ਹਿਸਾਰ ਵਿਚ, ਜਿਥੇ ਰਾਜਸੀ ਪੀੜਤਾਂ ਨੂੰ ਜ਼ਮੀਨਾਂ ਮਿਲੀਆਂ ਹਨ, ਉਥੇ ਰਹਿੰਦੇ ਹਨ, ਕਿਉਂਕਿ ਆਪ ਨੂੰ ਭੀ ਉਥੇ ਜ਼ਮੀਨ ਮਿਲ ਗਈ ਸੀ।

**੨੯. ਭਾਈ ਲਾਲ ਸਿੰਘ ਧਾਂਦਰਾ (ਲੁਧਿਆਣਾ)**

ਭਾਈ ਲਾਲ ਸਿੰਘ ਬੜੇ ਕੀਰਤਨੀਏ ਤੇ ਸਰਬ ਲੋਹੀਏ ਸਨ। ਬਹੁਤ ਬਰਸ ਹੋਏ ਆਪ ਚਲਾਣਾ ਕਰ ਚੁਕੇ ਹਨ। ਏਨ੍ਹਾਂ ਦਾ ਹਾਲ 'ਰੰਗਲੇ ਸੱਜਣ' ਪੁਸਤਕ ਵਿਚ ਭੀ ਆਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

੩੦. ਜਿਨ੍ਹਾਂ ਫ਼ੌਜੀਆਂ ਨੇ ਬਿਬੇਕ ਨਿਭਾਇਆ ਉਨ੍ਹਾਂ ਵਿਚੋਂ ਬਾਬੂ ਮੱਲ ਸਿੰਘ ਜੀ ਭੀ ਹਨ, ਜਿਨ੍ਹਾਂ ਦਾ ਜ਼ਿਕਰ ਪਿਛੇ ਆ ਚੁਕਿਆ ਹੈ।

**੩੧. ਭਾਈ ਸੁਰਜਨ ਸਿੰਘ**

ਇਹ ਭਾਈ ਸਾਹਿਬ ਦੇ ਗੁਆਂਢੀ ਸਨ। ਇਹ ਜੰਗ ਯੂਰਪ ਵਿਚ ਗਏ ਸਨ। ਇਹ ਬੜੇ ਪ੍ਰੇਮੀ ਸਨ। ਬਹੁਤ ਬਰਸ ਹੋਏ ਆਪ ਚਲਾਣਾ ਕਰ ਗਏ ਹਨ।

**੩੨. ਭਾ: ਸੀਲਾ ਸਿੰਘ ਤੇ ਭਾ: ਹਰਨਾਮ ਸਿੰਘ**

ਮੈਣ ਦੁਆਬ ਦੇ ਰਹਿਣ ਵਾਲੇ ਤੇ ਨਥੋਵਾਲ ਦੇ ਭਾਈ ਨਰਾਇਣ ਸਿੰਘ ਤੇ ਪਿੰਡ ਉਗੋਕੇ ਦੇ ਭਾਈ ਮੰਗਲ ਸਿੰਘ ਤੇ ਹੁਸ਼ਿਆਰ ਸਿੰਘ ਜਥੇ ਦੇ ਪ੍ਰੇਮੀ ਸੱਜਣ ਸਨ। ਇਹਨਾਂ ਬਾਰੇ ਵਧੇਰੇ ਹਾਲਾਤ ਦਾ ਪਤਾ ਨਹੀਂ।

**੩੩. ਮਾਲਵਾ ਖਾਲਸਾ ਹਾਈ ਸਕੂਲ ਦੇ ਪ੍ਰੇਮੀ**

ਡਾਕਟਰ ਕੇਹਰ ਸਿੰਘ ਚੱਕ ਸਰਵਣ ਨਾਥ ਜ਼ਿਲਾ ਲੁਧਿਆਣਾ, ਸ: ਪ੍ਰਧਾਨ ਸਿੰਘ ਇੰਜੀਨੀਅਰ ਪਿੰਡ ਜੰਡੀ ਤਹਿਸੀਲ ਜਗਰਾਉਂ (ਲੁਧਿਆਣਾ), ਡਾ: ਖੇਮ ਸਿੰਘ ਜੀ ਪਿੰਡ ਰਕਬਾ, ਬਾਬੂ ਪ੍ਰੀਤਮ ਸਿੰਘ ਓਵਰਸੀਅਰ, ਡਾਕਟਰ ਜੀਵਨ ਸਿੰਘ ਹੈਲਥ ਅਫ਼ਸਰ, ਭਾਈ ਖੜਕ ਸਿੰਘ ਜੀ ਇਹ ਤਿੰਨੇ ਬੋਪਾ ਰਾਇ ਦੇ ਸੱਜਣ ਹਨ। ਇਹ ਸਾਰੇ ਹੀ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀ ਸਨ ਅਤੇ ਉਥੇ ਹੀ ਇਨ੍ਹਾਂ ਨੇ ਅੰਮ੍ਰਿਤ ਪਾਨ ਕੀਤਾ ਸੀ। ਇਹਨਾਂ ਦਾ ਟੂਕ ਮਾਤਰ ਬਿਰਤਾਂਤ ਇਸ ਪਰਕਾਰ ਹੈ:

ਡਾ: ਕੇਹਰ ਸਿੰਘ ਜੀ ਐਮ. ਬੀ. ਬੀ. ਐਸ. ਪਾਸ ਕਰ ਕੇ ਸਮੁੰਦਰੀ ਲਾਇਲਪੁਰ ਵਿਚ ਪਰੈਕਟਿਸ ਕਰਦੇ ਰਹੇ। ਦੇਸ਼ ਦੀ ਵੰਡ ਦੇ ਉਪਰੰਤ ਆਪ ਲੁਧਿਆਣੇ ਆ ਕੇ ਰਹੇ ਅਤੇ ੧੯੬੪ ਈ: ਵਿਚ ਗੁਰਪੁਰੀ ਸਿਧਾਰ ਗਏ।

ਸ: ਪ੍ਰਧਾਨ ਸਿੰਘ ਬਗ਼ਦਾਦ (ਇਰਾਕ) ਵਿਚ ਬਤੌਰ ਇੰਜੀਨੀਅਰ ਸਰਵਿਸ ਕਰਦੇ ਰਹੇ।

ਭਾਈ ਖੇਮ ਸਿੰਘ ਜੀ ਬਰ੍ਹਮਾ ਵਿਚ ਰਹੇ। ਜਦੋਂ ੧੯੪੧-੪੨ ਈ: ਵਿਚ ਜਾਪਾਨ ਨੇ ਬਰ੍ਹਮਾ ਤੇ ਹੱਲਾ ਕੀਤਾ ਤਾਂ ਆਪ ਪਿੰਡ ਆ ਗਏ ਸਨ ਅਤੇ



Sri Satguru Jagjit Singh Ji eLibrary NamdhariElibrary@gmail.com

ਇਥੇ ਬੀਮਾਰ ਹੋ ਕੇ ਚਲਾਣਾ ਕਰ ਗਏ। ਪ੍ਰੀਤਮ ਸਿੰਘ ਤੇ ਜੀਵਨ ਸਿੰਘ ਪਿੰਡ ਹੀ ਰਹਿੰਦੇ ਹਨ। ੪ ਅਕਤੂਬਰ, ੧੯੩੦ ਈ: ਨੂੰ ਜਦੋਂ ਭਾਈ ਸਾਹਿਬ ਲਾਹੌਰ ਜੇਲ੍ਹ ਤੋਂ ਰਿਹਾਅ ਹੋ ਕੇ ਆ ਰਹੇ ਸਨ ਤਾਂ ਸ: ਜੀਵਨ ਸਿੰਘ ਆਪ ਨੂੰ ਮੁਗ਼ਲਪੁਰਾ ਸਟੇਸ਼ਨ ਪੁਰ ਮਿਲੇ ਤੇ ਆਪ ਨੇ ਭਾਈ ਸਾਹਿਬ ਨੂੰ ਅੰਗੂਰ ਛਕਾਏ। ਇਹ ਪਹਿਲੇ ਸਿੰਘ ਸਨ ਜੋ ਭਾਈ ਸਾਹਿਬ ਨੂੰ ਰਿਹਾਅ ਹੋਣ ਪਰ ਸਭ ਤੋਂ ਪਹਿਲਾਂ ਮਿਲੇ।

ਭਾਈ ਖੜਕ ਸਿੰਘ ਜੀ ਪਹਿਲੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਕੈਦ ਹੋਏ ਸਨ। ਕੈਦ ਤੋਂ ਰਿਹਾਅ ਹੋਣ ਪਿਛੋਂ ਪਿੰਡ ਆ ਕੇ ਬੀਮਾਰ ਹੋਣ ਪਿਛੋਂ ਛੇਤੀ ਚਲਾਣਾ ਕਰ ਗਏ।

### ੩੪. ਭਾ: ਮਹਿਮਾ ਸਿੰਘ ਤੇ ਭਾ: ਸੋਹਣ ਸਿੰਘ ਜਾਂਗਪੁਰ ਜ਼ਿਲਾ ਲੁਧਿਆਣਾ ਦੇ ਸਿੰਘ ਹਨ।

ਇਹਨਾਂ ਵਿਚੋਂ ਭਾਈ ਮਹਿਮਾ ਸਿੰਘ ਓਵਰਸੀਅਰ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀ ਸਨ। ਉਹ ਅੱਜ-ਕੱਲ੍ਹ ਪਿੰਡ ਹੀ ਰਹਿੰਦੇ ਹਨ। ਭਾਈ ਸੋਹਣ ਸਿੰਘ ਬੜੇ ਪ੍ਰੇਮੀ ਸੱਜਣ ਸਨ। ਉਹਨਾਂ ਨੇ ਅਕਾਲੀ ਲਹਿਰ ਵਿਚ ਬੜਾ ਕੰਮ ਕੀਤਾ। ਬਹੁਤ ਬਰਸ ਹੋਏ ਆਪ ਚਲਾਣਾ ਕਰ ਗਏ ਹਨ।

### ੩੫. ਭਾਈ ਰਾਮ ਸਿੰਘ ਬੀ. ਏ. ਪਿੰਡ ਲਲਤੋਂ (ਲੁਧਿਆਣਾ)

ਇਹ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀ ਸਨ। ਭਾਈ ਸਾਹਿਬ ਦੇ ਮੁਕੱਦਮੇ ਸਮੇਂ ਇਨ੍ਹਾਂ ਨੇ ਬੜੇ ਨਿਧੜਕ ਹੋ ਕੇ ਸਫ਼ਾਈ ਦੀ ਗਵਾਹੀ ਦਿਤੀ। ਅੱਜ-ਕੱਲ੍ਹ ਆਪ ਮਹੱਲਾ ਸੰਤ ਨਗਰ ਨਵੀਂ ਦਿੱਲੀ ਵਿਚ ਰਹਿੰਦੇ ਹਨ।

### ੩੬. ਭਾਈ ਅਰਜਨ ਸਿੰਘ ਦੁਆਬੀਆ

ਆਪ ਮਾਲਵਾ ਖਾਲਸਾ ਸਕੂਲ ਦੇ ਵਿਦਿਆਰਥੀ ਸਨ। ਆਪ ਦਾ ਪਿੰਡ ਸਰਹਾਲ ਕਾਦੀਆਂ ਜ਼ਿਲਾ ਹੁਸ਼ਿਆਰਪੁਰ ਹੈ। ਆਪ ਖਿੜ ਖਿੜਾ ਕੇ ਹੱਸਦੇ ਸਨ, ਇਸ ਵਾਸਤੇ ਭਾਈ ਸਾਹਿਬ ਨੇ ਇਸਨੂੰ ਖਿਲ ਬਾਉਰਾ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਭਾਈ ਸਾਹਿਬ ਨੂੰ ਬਾਪੂ ਬਾਪੂ ਕਹਿੰਦਾ ਫਿਰਦਾ ਰਹਿੰਦਾ ਸੀ। ਕਦੇ ਦਰਸ ਮਿਲਾਪ ਨਹੀਂ ਹੋਇਆ।

### ੩੭. ਹਰਿ ਕੇਹਰ ਸਿੰਘ ਤੇ ਕਿਰਪਾਲ ਸਿੰਘ

ਇਹ ਦੋਵੇਂ ਸੱਜਣ ਪਿੰਡ ਅਕਾਲ ਗੜ੍ਹ ਜ਼ਿਲਾ ਲੁਧਿਆਣੇ ਦੇ ਰਹਿਣ ਵਾਲੇ ਹਨ। ਕਿਰਪਾਲ ਸਿੰਘ ਤਾਂ ਹੁਣ ਅਹਿਮਦ ਗੜ੍ਹ ਰਹਿੰਦੇ ਹਨ, ਹਰਿ ਕੇਹਰ ਸਿੰਘ ਗ਼ਦਰ ਲਹਿਰ ਵਿਚ ਸ਼ਾਮਲ ਸਨ, ਪਰ ਮੁਕੱਦਮੇ ਤੋਂ ਬਚ ਗਏ ਸਨ।

### ੩੮. ਗੁਜਰਵਾਲ ਦੇ ਸਿੰਘ—ਲਾਲ ਸਿੰਘ, ਹਰਬੰਸ ਸਿੰਘ, ਅਮਰ ਸਿੰਘ ਤੇ ਜਥੇਦਾਰ ਰਾਮ ਸਿੰਘ

ਇਹ ਚਾਰੇ ਸਿੰਘ ਹੀ ਚਲਾਣਾ ਕਰ ਚੁਕੇ ਹਨ। ਇਨ੍ਹਾਂ ਵਿਚੋਂ ਜਥੇਦਾਰ ਰਾਮ ਸਿੰਘ ਦਾ ਪੂਰਾ ਹਾਲ ਪੁਸਤਕ 'ਰੰਗਲੇ ਸੱਜਣ' ਅਤੇ ਟ੍ਰੈਕਟ "ਗੁਰਮੁਖ ਬਾਬੇ" ਵਿਚ ਦਰਜ ਹੈ। ਭਾਈ ਅਮਰ ਸਿੰਘ (ਭੰਗਾ ਸਿੰਘ ਕਾ) ਗ਼ਦਰ ਲਹਿਰ ਵਿਚ ਸ਼ਾਮਲ ਸੀ, ਪਰ ਮੁਕੱਦਮੇ ਵਿਚੋਂ ਬਚ ਗਿਆ ਸੀ। ਹਰਬੰਸ ਸਿੰਘ (ਪਤੀ ਅਰਜੋ) ਪਿੰਡ ਵਿਚ ਹੀ ਰਹਿੰਦੇ ਰਹੇ ਹਨ। ਭਾਈ ਲਾਲ ਸਿੰਘ (ਸਿੰਘੇ ਕਾ) ਕਲਕੱਤੇ ਰਹਿੰਦੇ ਰਹੇ ਹਨ। ਕੁਝ ਸਾਲ ਹੋਏ ਓਹ ਪਿੰਡ ਆ ਕੇ ਚਲਾਣਾ ਕਰ ਗਏ।

### ੩੯. ਭਾਈ ਵਰਿਆਮ ਸਿੰਘ ਨਾਗੋਕੀ ਸਰਲੀ (ਅੰਮ੍ਰਿਤਸਰ)

ਆਪ ਬਾਬੂ ਮੱਲ ਸਿੰਘ ਜੀ ਦੇ ਭ੍ਰਾਤਾ ਸਨ। ਆਪ ਦੇ ਨਾਲ ਹੀ ਇਕ ਸੱਜਣ ਬਾਬੂ ਤ੍ਰਿਪਤ ਸਿੰਘ ਜੀ ਭੀ ਸਨ।

### ੪੦. ਬਾਬਾ ਰਾਮ ਸਿੰਘ ਤੇ ਮਾਈ ਪ੍ਰੇਮ ਕੌਰ ਪਿੰਡ ਫੱਲੇਵਾਲ

ਬੰਦ ੩੬੬ ਤੋਂ ੩੬੯ ਇਨ੍ਹਾਂ ਸੰਬੰਧੀ ਹਨ। ਇਨ੍ਹਾਂ ਦੋਹਾਂ ਦਾ ਪੂਰਾ ਸਮਾਚਾਰ ਪੁਸਤਕ 'ਰੰਗਲੇ ਸੱਜਣ' ਤੇ ਟ੍ਰੈਕਟ "ਗੁਰਮੁਖ ਬਾਬੇ" ਵਿਚ ਦਰਜ ਹੈ, ਇਸ ਵਾਸਤੇ ਦੁਬਾਰਾ ਨਹੀਂ ਲਿਖਿਆ ਗਿਆ।



Sri Satguru Jagjit Singh Ji eLibrary NamdhariElibrary@gmail.com

**੪੧. ਕਵਿਤਾ ਵਿਚ ਗਿਆਨੀ ਹਰਿਭਜਨ ਸਿੰਘ ਚਮਿੰਡੇ ਜ਼ਿਲਾ ਲੁਧਿਆਣਾ ਅਤੇ ਗਿਆਨੀ ਦਲੀਪ ਸਿੰਘ ਫੁਲਾਂਵਾਲ ਜ਼ਿਲਾ ਲੁਧਿਆਣਾ ਦਾ ਨਾਂ ਆਉਂਦਾ ਹੈ।**

ਇਨ੍ਹਾਂ ਦਾ ਹਾਲ ਪੁਸਤਕ "ਸਿਖੀ ਸਿਦਕ ਤੇ ਧਰਮ ਰਖਿਆ" ਵਿਚ ਕਾਫ਼ੀ ਆਉਂਦਾ ਹੈ, ਇਸ ਵਾਸਤੇ ਦੁਬਾਰਾ ਨਹੀਂ ਲਿਖਿਆ। ਇਤਨਾ ਜਾਨਣਾ ਜ਼ਰੂਰੀ ਹੈ ਕਿ ਇਹ ਦੋਵੇਂ ਸੱਜਣ ਪੰਜਾਬੀ ਦੇ ਕਵੀ ਹਨ। ਗਿਆਨੀ ਦਲੀਪ ਸਿੰਘ ਤਾਂ ਕਵਿਤਾ ਘੱਟ ਵੱਧ ਹੀ ਲਿਖਦੇ ਹਨ, ਪਰ ਗਿਆਨੀ ਹਰਿਭਜਨ ਸਿੰਘ ਜੀ ਨੇ ਪਿਛਲੇ ਚਾਲੀ ਸਾਲਾਂ ਵਿਚ ਵਖੋ ਵਖ ਵਿਸ਼ਿਆਂ ਪਰ ਬਹੁਤ ਕਵਿਤਾਵਾਂ ਲਿਖੀਆਂ ਹਨ। ੧੯੧੪-੧੫ ਦੇ ਗ਼ਦਰ ਲਹਿਰ ਦੇ ਸੱਜਣਾਂ ਸੰਬੰਧੀ ਆਪ ਦੀਆਂ ਕਵਿਤਾਵਾਂ ਖ਼ਾਸ ਹੁੰਦੀਆਂ ਹਨ। ਆਪ ਦੀਆਂ ਕਵਿਤਾਵਾਂ ਦੀ ਇਕ ਕਿਤਾਬ 'ਬੀਤੇ ਪੰਧ' ਛਪ ਚੁਕੀ ਹੈ।

੪੨. ਇਸ ਕਵਿਤਾ ਵਿਚ ਭਾਵੇਂ ਦੋ ਨਾਮ ਨਹੀਂ ਹਨ ਪਰ ਉਨ੍ਹਾਂ ਦਾ ਜ਼ਿਕਰ ਆਉਣਾ ਜ਼ਰੂਰੀ ਹੈ।

**ਸ: ਲਾਲ ਸਿੰਘ ਨੰਦ ਪੁਰ ਜ਼ਿਲਾ ਲੁਧਿਆਣਾ**

ਆਪ ਦਾ ਜ਼ਿਕਰ 'ਰੰਗਲੇ ਸੱਜਣ' ਪੁਸਤਕ ਵਿਚ ਭਾਈ ਗੁਰਬਖਸ਼ ਸਿੰਘ ਕਮਾਲ ਪੁਰੇ ਦੇ ਹਾਲ ਵਿਚ ਆਉਂਦਾ ਹੈ। ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਵਿਦਿਆਰਥੀ ਅਤੇ ਭੁਝੰਗੀ ਸਭਾ ਦੇ ਸਕੱਤ੍ਰ ਸਨ। ਮੈਟ੍ਰਿਕ ਪਾਸ ਕਰ ਕੇ ਆਪ ਹਾਂਗਕਾਂਗ ਪਹੁੰਚੇ। ਫੇਰ ਯੂ. ਐਸ. ਏ. ਕੈਲੇਫ਼ੋਰਨੀਆ ਵਿਚ ਜਾ ਪਹੁੰਚੇ। ਉਥੇ ਆਪ ਨੇ ਖੇਤੀ ਬਾੜੀ ਦੀ ਪੜ੍ਹਾਈ ਕਰ ਕੇ ਐਮ. ਐਸ. ਸੀ. ਪਾਸ ਕੀਤੀ ਅਤੇ ਫ਼ਰੂਟ ਸਪੈਸ਼ਲਿਸਟ ਬਣੇ। ਆਪ ੧੯੨੦-੨੧ ਈ: ਵਿਚ ਦੇਸ਼ ਆਏ। ਪਹਿਲਾਂ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਖੇਤੀ ਬਾੜੀ ਦੇ ਪ੍ਰੋਫ਼ੈਸਰ ਰਹੇ। ਫੇਰ ਗੌਰਮਿੰਟ ਸਰਵਿਸ ਵਿਚ ਮਹਿਕਮਾ ਖੇਤੀ ਬਾੜੀ ਵਿਚ ਚਲੇ ਗਏ। ਆਪ ਉਨਤੀ ਕਰ ਕੇ ਮਹਿਕਮਾ ਖੇਤੀ ਬਾੜੀ ਦੇ ਡਾਇਰੈਕਟਰ ਬਣ ਗਏ। ਸਰਵਿਸ ਤੋਂ ਰੀਟਾਇਰ ਹੋ ਕੇ ੧੯੫੨ ਤੋਂ ਲੈ ਕੇ ੧੯੫੭ ਈ: ਤਕ ਹਿੰਦੋਸਤਾਨ ਦੀ ਪਾਰਲੀਮੈਂਟ ਦੇ ਮੈਂਬਰ ਰਹੇ। ਅਫ਼ਸੋਸ ਕਿ ਆਪ ਫ਼ਰਵਰੀ ੧੯੬੪ ਈ: ਵਿਚ ਚਲਾਣਾ ਕਰ ਗਏ। ਆਪ ਦੇ ਉਤੇ ਪਹਿਲੀ ਅਵਸਥਾ ਵਿਚ ਆਤਮ ਕਲਾ ਬਹੁਤ ਵਰਤੀ ਸੀ।



Sri Satguru Jagjit Singh Ji eLibrary NamdhariElibrary@gmail.com

ਪਾਰਲੀਮੈਂਟ ਦੀ ਚੋਣ ਵਿਚ ਭਾਈ ਸਾਹਿਬ ਦੇ ਸਦਕੇ ਹੀ ਆਪ ਨੂੰ ਸਫ਼ਲਤਾ ਹੋਈ ਸੀ।

## ੪੩. ਡਾਕਟਰ ਕਰਤਾਰ ਸਿੰਘ ਫੱਲੇਵਾਲ

ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀ ਸਨ। ਆਪ ਬੜੇ ਗੰਭੀਰ ਅਤੇ ਦਲੇਰ ਤੇ ਪ੍ਰੇਮੀ ਸੱਜਣ ਹਨ। ਆਪ ੧੯੧੪-੧੫ ਈ: ਦੀ ਗ਼ਦਰ ਲਹਿਰ ਵਿਚ ਸ਼ਾਮਲ ਸਨ। ੧੯ ਫ਼ਰਵਰੀ ਦੀ ਗ਼ਦਰ ਦੀ ਤਾਰੀਖ਼ ਦਾ ਸੁਨੇਹਾ ਦੇ ਕੇ ਆਪ ਨੂੰ ਭਾਈ ਸਾਹਿਬ ਨੇ ਰਾਵਲਪਿੰਡੀ ੩੫ ਨੰ: ਪਲਟਣ ਦੇ ਸਿੰਘਾਂ ਨੂੰ ਖ਼ਬਰ ਦੇਣ ਲਈ ਭੇਜਿਆ ਸੀ। ਰਾਵਲਪਿੰਡੀ ਦੇ ਸਰਕਾਰੀ ਅਫ਼ਸਰਾਂ ਨੂੰ ਪਤਾ ਲੱਗ ਗਿਆ ਸੀ ਕਿ ਕੋਈ ਆਇਆ ਹੈ, ਪਰ ਇਹ ਪਤਾ ਨਾ ਲਗਾ ਕਿ ਕੌਣ ਆਇਆ ਹੈ। ਸਾਰੀ ਰਾਤ ਰਾਵਲਪਿੰਡੀ ਛਾਉਣੀ ਤੇ ਸ਼ਹਿਰ ਵਿਚ ਗੋਰਾ ਫ਼ੌਜਾਂ ਦੀ ਗਸ਼ਤ ਰਹੀ, ਪਰ ਕਰਤਾਰ ਸਿੰਘ ਹੁਰੀ ਵਾਲ ਵਾਲ ਬਚ ਗਏ ਅਤੇ ਮੁਕੱਦਮਿਆਂ ਤੋਂ ਭੀ ਬਚ ਗਏ। ਆਪ ਨੇ ਹੀ "ਗੁਰਮੁਖ ਬਾਬੇ" ਨਾਮੇ ਟ੍ਰੈਕਟ ਛਪਵਾਇਆ ਸੀ, ਜਿਸ ਵਿਚ ਬਾਬਾ ਰਾਮ ਸਿੰਘ ਫੱਲੇਵਾਲ ਅਤੇ ਜਥੇਦਾਰ ਰਾਮ ਸਿੰਘ ਗੁਜਰਵਾਲ ਦਾ ਹਾਲ ਦਰਜ ਹੈ। ਅੱਜ-ਕੱਲ੍ਹ ਆਪ ਦਿੱਲੀ ਰਹਿੰਦੇ ਹਨ। ਆਪ ਦੇ ਸਪੁੱਤਰ ਇਕ ਡਾਕਟਰ ਤੇ ਇਕ ਫ਼ੌਜੀ ਅਫ਼ਸਰ ਹੈ।



Sri Satguru Jagjit Singh Ji eLibrary NamdhariElibrary@gmail.com

# ਕਠਨ ਸ਼ਬਦਾਂ ਦੇ ਅਰਥ

ਉਗਵਿਆ—ਹਰਾ ਹੋਇਆ।
ਸ਼ੀਰ—ਦੁੱਧ।
ਰਕਤ—ਲਹੂ, ਭਾਵ ਪ੍ਰੇਮ ਬੂੰਦਾਂ।
ਕਤਰਿਆਂ—ਬੂੰਦਾਂ।
ਅਮਰਕਤ—ਅਮਰ ਫਲ।
ਸਹੰਸਰਾਂ—ਹਜ਼ਾਰਾਂ।
ਉਪਬਨ—ਬਾਗ਼।
ਬਹਾਰੀਆ—ਬਸੰਤ ਦੀ ਪੌਣ।
ਪਿਰ ਪਟੋਲੇ—ਪਿਆਰੇ ਵਾਹਿਗੁਰੂ ਦੇ ਪ੍ਰੇਮੀ।
ਢੋਲੜੇ—ਪਿਆਰੇ।
ਮੁੱਠਣਾ—ਠੱਗਣਾ।
ਹਿਜਰ—ਵਿਛੋੜਾ।
ਚਾਕ ਚਾਕ ਹੋਣਾ—ਫੱਟੜ ਹੋਣਾ।
ਫ਼ਰਾਕ—ਵਿਛੋੜਾ।
ਦਾਗ ਮੁਫ਼ਾਰਕਤ—ਜੁਦਾਈ ਦਾ ਦਾਗ।
ਉਮਰ ਕਸ਼ੋਰ—ਬਚਪਨ ਤੇ ਜੁਆਨੀ ਦੀ ਉਮਰ।

ਖ਼ਿਜ਼ਾਂ—ਪਤਝੜ ਦੀ ਰੁੱਤ।
ਗੌਰ—ਖ਼ਿਆਲ।
ਦਿੱਬ ਦ੍ਰਿਸ਼ਟੌਰ—ਦਿੱਬ ਦ੍ਰਿਸ਼ਟੀ।
ਹਾਲ ਬਉਰੜਾ—ਮਸਤ ਹਾਲ।
ਛੌੜ—ਜਾਲ।
ਬਿਨੋਦ—ਅਚਰਜ ਰੰਗ।
ਬਉਰਾਨੜੇ ਨੂੰ—ਮਸਤ ਹੋਏ ਹੋਏ ਨੂੰ।
ਗੁਰਧਾਮ—ਗੁਰਪੁਰੀ, ਭਾਵ ਪ੍ਰਲੋਕ।
ਮਰਦਲੇ—ਮਲ ਦਿਤੇ।
ਅਨੁਰਾਗ—ਪ੍ਰੇਮ।
ਭੈ ਭੀਨ—ਭੈ ਵਿਚ ਭਿੱਜੇ ਹੋਏ।
ਪਦਲੀਨ—ਨਾਮ ਪਦ ਵਿਚ ਲੀਨ ਹੋਏ ਹੋਏ।
ਅਮੀ—ਅੰਮ੍ਰਿਤ।
ਬਿੱਤ—ਬਿਰਤੀ।
ਪਾਧਾਪਣ—ਸਕੂਲ ਟੀਚਰੀ।
ਸਿਰਮੌਰ—ਮੁਖੀ।
ਬਾਵਨ ਚੱਕ—ਚੱਕ ਨੰ: ਬਵੰਜਾ।
ਪੰਚ ਸ਼ਬਦੀ—ਅਨਹਦ ਸ਼ਬਦ।



Sri Satguru Jagjit Singh Ji eLibrary NamdhariElibrary@gmail.com

ਉਮਾਹ—ਉਤਸ਼ਾਹ।

ਦਹਿਰ—ਜ਼ਮਾਨਾ, ਸਮਾਂ।

ਧਿਆਨ ਉਤਾਵਲੀਆਂ—ਅਕਾਲ ਚਲਾਣਾ ਕਰਨ ਲਈ ਕਾਹਲੀਆਂ ਰੂਹਾਂ।

ਗੈਣ—ਅਸਮਾਨ ਭਾਵ ਪਰਲੋਕ।

ਦੀਪ ਅਰਸ਼ਨੀ—ਅਸਮਾਨੀ ਦੀਵੇ।

ਕਿੰਚਤ ਕਾਲ—ਥੋੜਾ ਚਿਰ।

ਨਿਧਾਨ—ਖ਼ਜ਼ਾਨਾ।

ਖ਼ੌਫ਼—ਡਰ।

ਤਸਕਰ—ਚੋਰ।

ਖੀਵੀ—ਮਸਤ।

ਮੁਹਾਲ—ਔਖਾ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਜੇਲ੍ਹ ਚਿੱਠੀਆਂ
੨. ਰੰਗਲੇ ਸੱਜਣ
੩. ਅਣਡਿੱਠੀ ਦੁਨੀਆ
੪. ਗੁਰਮਤਿ ਬਿਬੇਕ
੫. ਗੁਰਮਤਿ ਲੇਖ
੬. ਗੁਰਮਤਿ ਪ੍ਰਕਾਸ਼
੭. ਗੁਰਮਤਿ ਵਿਚਾਰ
੮. ਗੁਰਮਤਿ ਗੌਰਵਤਾ
੯. ਸੰਤ ਪਦ ਨਿਰਣੈ
੧੦. ਕਥਾ ਕੀਰਤਨ
੧੧. ਸਚਖੰਡ ਦਰਸ਼ਨ
੧੨. ਗੁਰਮਤਿ ਸਚ ਨਿਰਣੈ
੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ?
੧੪. ਗੁਰਮਤਿ ਨਾਮ ਅਭਿਆਸ ਕਮਾਈ
੧੫. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੬. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭. ਚਰਨ ਕਮਲ ਕੀ ਮਉਜ
੧੮. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
੧੯. ਅਨਹਦ ਸ਼ਬਦ ਦਸਮ ਦੁਆਰ
੨੦. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੨੧. ਜੋਤਿ ਵਿਗਾਸ (ਮਹਾਂ ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩. Autobiography of Bhai Sahib Randhir Singh
੨੪. Meaning of Sikh Baptism

### ਛੋਟੇ ਟ੍ਰੈਕਟ :

੨੫. ਅੰਮ੍ਰਿਤ ਕੀ ਹੈ ?
੨੬. ਅੰਮ੍ਰਿਤ ਕਲਾ
੨੭. ਗੁਰਮਤਿ ਰਮਜ਼ਾਂ
੨੮. ਸਿੱਖ ਕੌਣ ਹੈ ?
੨੯. ਸੱਚੀਆਂ ਦਾੜ੍ਹੀਆਂ
੩੦. ਵਾਹਿਗੁਰੂ ਸਿਮਰਨ
੩੧. ਸੁਪਨਾ
੩੨. ਆਸਤਕ ਤੇ ਨਾਸਤਕ
੩੩. ਸ਼ੰਕਿਆਂ ਦੇ ਉੱਤਰ
੩੪. ਨਾਮ ਸੰਬੰਧੀ ਵਿਚਾਰ
੩੫. ਤਿਮਰ ਅਗਿਆਨ ਤੋਂ ਉਜਿਆਰਾ
੩੬. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੭. ਸਿੰਘਾਂ ਦਾ ਪੰਥ ਨਿਰਾਲਾ
੩੮. ਬਾਬਾ ਵੈਦ ਰੋਗੀਆਂ ਦਾ
੩੯. ਕੋ ਵਿਰਲਾ ਗੁਰਮਤਿ ਚਲੈ ਜੀਉ
੪੦. ਹਉਮੈ ਨਾਵੈ ਨਾਲਿ ਵਿਰੋਧੁ ਹੈ
੪੧. ਨਾਮ ਦਾ ਦਾਤਾ ਸਤਿਗੁਰੂ
੪੨. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੩. ਸਿੱਖੀ ਸਿਦਕ ਤੇ ਧਰਮ ਰੱਖਿਆ
੪੪. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com